ਬਾਬ-55

# ਛੋਟੀ ਜਿਹੀ ਉਦਾਸੀ

## ਸਿਆਲਕੋਟ, ਜੰਮੂ, ਵੈਸ਼ਨੋ ਦੇਵੀ, ਭਦਰਵਾਹ, ਚੰਬਾ




ਜੁਲਾਈ ਅਗਸਤ 1524-5

ਗੁਰੂ ਸਾਹਿਬ ਨੂੰ ਕਸ਼ਮੀਰ ਦੀ ਯਾਤਰਾ ਵਿੱਚੇ ਛੱਡ ਕਾਬੁਲ ਨੂੰ ਮੁੜਨਾ ਪਿਆ ਸੀ। ਕਰਤਾਰਪੁਰ ਸਾਹਿਬ ਰਹਿ ਕੇ ਗੁਰੂ ਸਾਹਿਬ ਨੂੰ ਮਹਿਸੂਸ ਹੋਇਆ ਕਿ ਜਿਸ ਤਰਾਂ ਵੈਸ਼ਨੋ ਦੇਵੀ ਦਾ ਮੇਲਾ ਲੋਕਾਈ ਵਿਚ ਮਕਬੂਲ ਹੈ ਸਾਨੂੰ ਉਥੇ ਵੀ ਜਾਣਾ ਚਾਹੀਦਾ ਹੈ। ਵੈਸ਼ਨੋ ਦੇਵੀ (ਜੰਮੂ ਕਟੜਾ) ਦਾ ਮੇਲਾ ਨਵਰਾਤਰਿਆਂ 'ਚ ਲੱਗਦਾ ਹੈ। ਇਹ ਸਤੰਬਰ ਜਾਂ ਅਕਤੂਬਰ ਮਹੀਨੇ ਵਿੱਚ ਪੈਂਦੇ ਹਨ। (ਨੌ ਨਵਰਾਤਰਿਆਂ ਤੋਂ ਬਾਦ ਦਸਵਾ ਦੁਸਿਹਰਾ ਹੁੰਦਾ ਹੈ। ਨਵਰਾਤਰੇ ਸਰਾਧਾਂ ਤੋਂ ਬਾਦ ਆਉਂਦੇ ਨੇ।) ਗੁਰੂ ਸਾਹਿਬ ਮਹੀਨਾ ਦੋ ਪਹਿਲਾਂ ਹੀ ਨਿਕਲ ਗਏ। ਅੰਦਾਜ਼ਾ ਹੈ ਕਿ ਕਰਤਾਰਪੁਰ ਸਾਹਿਬ ਵਿਖੇ ਦੋ ਕੁ ਸਾਲ ਟਿਕਣ ਦੇ ਬਾਦ ਹੀ ਗਏ ਹੋਣਗੇ।

**ਮੱਲਾ ਭਾਬੜਾ** ⊙ - ਅਗਸਤ ਦੇ ਮਹੀਨੇ ਗੁਰੂ ਸਾਹਿਬ ਰਵਾਨਾ ਹੋਏ। ਪਹਿਲਾ ਪੜਾਅ ਸਾਹਿਬ ਦਾ ਪਿੰਡ ਮੱਲਾ ਵਿਖੇ ਹੋਇਆ। ਜੋ




ਬੇਰ ਸਾਹਿਬ, ਮੱਲਾ। (ਸਾਈਕਲ ਯਾਤਰੀ 1933)

ਕਰਤਾਰਪੁਰ ਸਾਹਿਬ ਤੋਂ ਕੋਈ 20 ਕੁ ਕਿ. ਮੀ. ਪਹਾੜ ਪਾਸੇ ਪੈਂਦਾ ਹੈ।* ਇਥੇ ਪਿੰਡ ਦੇ ਬਾਹਰਵਾਰ ਕਿਸੇ ਜੋਗੀਆਂ ਆਦਿ ਦੇ ਡੇਰੇ ਤੇ ਗੁਰੂ ਸਾਹਿਬ ਨੇ ਵਿਸ਼ਰਾਮ ਕੀਤਾ ਤੇ ਸੰਗਤਾਂ ਨੂੰ ਇਥੇ ਹੀ ਜੁੜਨ ਵਾਸਤੇ ਕਹਿ ਦਿੱਤਾ ਗਿਆ। ਸ਼ਰਧਾਲੂਆਂ ਨੇ ਨੇੜੇ ਤੇੜੇ ਦੇ ਪਿੰਡਾਂ ਵਿੱਚ ਜਾ ਕੇ ਹੋਕਾ ਦੇ ਦਿੱਤਾ ਕਿ ਗੁਰੂ ਨਾਨਕ ਆਏ ਨੇ। ਰਾਤ ਵੇਲੇ ਫਿਰ ਮਰਦਾਨੇ ਦੀ ਰਬਾਬ ਤੇ ਇਥੇ ਕੀਰਤਨ ਹੋਇਆ। ਗੁਰੂ ਸਾਹਿਬ ਨੇ ਲੋਕਾਈ ਨੂੰ ਹਦਾਇਤ ਕੀਤੀ ਕਿ ਪੱਥਰਾਂ, ਬੱਦਲਾਂ, ਬੂਟਿਆਂ, ਸੱਪਾਂ, ਦੇਵੀ ਦੇਵਤਿਆਂ ਨੂੰ ਪੂਜਣ ਦੇ ਬਿਜਾਏ ਇੱਕ ਨਿਰੰਕਾਰ ਦੇ ਲੜ ਲੱਗੋ। ਸਿਫਤ ਸਲਾਹ ਕਰਕੇ ਤੁਹਾਡੇ ਦੁਖੜੇ ਦੂਰ ਹੋਣਗੇ ਤੇ ਤੁਸੀ ਚੜ੍ਹਦੀ ਕਲ੍ਹਾ ਵਿੱਚ ਪਹੁੰਚ ਜਾਓਗੇ। ਦੋ ਤਿੰਨ ਰਾਤਾਂ ਇਥੇ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਅੱਗੇ ਚਲਦੇ ਬਣੇ।

ਪਿੰਡ ਮੱਲਾ ਭਾਬੜਾ ਵਿਖੇ ਫਿਰ ਗੁਰ ਅਸਥਾਨ ਵੀ ਬਣ ਗਇਆ ਜਿਹੜਾ 1947 ਦੇ ਦੰਗਿਆਂ ਵੇਲੇ ਸਾੜ ਦਿੱਤਾ ਗਇਆ ਸੀ।■ ਇਸ ਗੁਰਧਾਮ ਨੂੰ ਵੀ ਬੇਰ ਸਾਹਿਬ ਕਿਹਾ ਕਰਦੇ ਸਨ। ਗੁਰਦੁਆਰੇ ਲਾਗੇ ਬੇਰੀ ਹੁੰਦੀ ਸੀ। ਬੇਰੀ ਦੇ ਰੁੱਖ ਅੱਜ ਵੀ ਮੌਜੂਦ ਨੇ। ਅਣਗੌਲੇ ਅਸਥਾਨ ਤੇ ਅੱਜ ਪਾਥੀਆਂ ਪੱਥੀਆਂ ਪਈਆਂ ਨਜਰ ਆਉਂਦੀਆ ਨੇ।✚

-----◈-----

**ਪਸਰੂਰ ਦਾ ਦਿਓਕਾ** - ਮੱਲੇ ਤੋਂ ਕੋਈ 40 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਪਸਰੂਰ ਪਹੁੰਚੇ। ਪਸਰੂਰ ਵਿਖੇ ਪ੍ਰਸਿੱਧ ਫਕੀਰ ਅਬਦੁਲ ਰਹਿਮਾਨ ਰਹਿੰਦਾ ਸੀ।○ ਉਹਦਾ ਇਕ ਚੇਲਾ ਬਟਾਲੇ ਦਾ ਖੱਤਰੀ ਮੀਆਂ ਮਿੱਠਾ ਸੀ। ਜਿਸ ਕਰਕੇ ਅਬਦੁਲ ਰਹਿਮਾਨ ਦਾ ਨਾਂ ਹੀ ਇਤਹਾਸ ਵਿਚ ਮੀਆਂ ਮਿੱਠਾ ਵੀ ਚਲਦਾ ਹੈ। ਇਥੇ ਪਸਰੂਰ ਵਿਖੇ ਜਿੱਥੇ ਮੀਆਂ ਜੀ ਦਾ ਟਿਕਾਣਾ ਸੀ ਉਸ ਨੂੰ ਦਿਓਕੇ ਕਿਹਾ ਜਾਂਦਾ ਰਿਹਾ ਹੈ। ਵਕਤ ਪਾ ਕੇ ਇਥੇ ਗੁਰ ਅਸਥਾਨ ਵੀ ਬਣਿਆ। ਇਹ ਸਥਾਨ ਪਸਰੂਰ ਰੇਲਵੇ ਸਟੇਸ਼ਨ ਦੇ 500 ਮੀਟਰ ਦੂਰ ਨਾਰੋਵਾਲ ਸੜ੍ਹਕ ਤੇ ਹੈ। ਅੱਜ ਇਥੇ ਸਿਰਫ ਮਹਿਰਾਬ ਵਾਲਾ ਦਰਵਾਜਾ ਹੀ ਬਚਿਆ ਹੈ। ਸਰੋਵਰ ਛੱਪੜ ਦਾ

ਪੈੜ ਸੂਤ੍ਰ

⊙ ਪੰਜਾਬ ਦੇ ਪਿੰਡਾਂ ਥਾਵਾਂ ਦੀ ਯਾਤਰਾ ਬਾਬਤ ਜਿਹੜਾ ਵੀ ਰੂਟ ਅਸੀ ਤਹਿ ਕਰਾਂਗੇ ਉਹ ਸਿਰਫ ਅੰਦਾਜ਼ਾ ਹੀ ਹੋਵੇਗਾ। ਕਿਉਕਿ ਗੁਰੂ ਸਾਹਿਬ ਨੇ ਪੰਜਾਬ ਦੇ ਪਿੰਡਾਂ ਥਾਂਵਾ ਦਾ ਦੌਰਾ 1526ਈ ਤੋਂ ਬਾਦ ਕਈ ਵਾਰ ਕੀਤਾ। ਖਾਸ ਕਰਕੇ ਜਿਹੜੇ ਨਨਕਾਣਾ, ਸੁਲਤਾਨਪੁਰ ਲੋਧੀ ਜਾਂ ਕਰਤਾਰਪੁਰ ਦੇ ਨੇੜੇ ਤੇੜੇ ਦੇ ਜਿਲੇ ਹਨ। ਪਰ ਹਰ ਥਾਂ ਓਨਾਂ ਦੀ ਆਮਦ ਦੀਆਂ ਯਾਦਗਾਰਾਂ ਨਹੀ ਹਨ ਮਿਸਾਲ ਦੇ ਤੌਰ ਤੇ ਕਰਤਾਰਪੁਰ/ ਪੱਖੋਕਿਆਂ ਤੋਂ ਕਲਾਨੌਰ ਦਾ ਇਤਹਾਸਿਕ ਕਸਬਾ ਕੋਈ 12 -15 ਕਿ. ਮੀ. ਹੀ ਹੈ, ਪਰ ਓਥੇ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਹੈ। ਏਸੇ ਤਰਾਂ ਸੈਕੜੇ (ਜਾਂ ਹਜ਼ਾਰਾਂ) ਇਹੋ ਜਿਹੇ ਸਥਾਨ ਨੇ ਜਿੱਥੇ ਯਾਦਗਾਰਾਂ ਨਾਂ ਬਣ ਪਾਈਆਂ।

ਅਸੀ ਤਾਂ ਸਹੂਲਤ ਲਈ ਇਨਾਂ ਪਿੰਡਾਂ ਥਾਵਾਂ ਨੂੰ ਗੁਰੂ ਸਾਹਿਬ ਦੀ ਉਦਾਸੀ ਨਾਲ ਜੋੜ ਲਿਆ ਹੈ ਤਾਂ ਕਿ ਕੋਈ ਸਥਾਨ ਛੁੱਟੇ ਨਾਂ।

* ਇਹ ਵੀ ਹੋ ਸਕਦੈ ਕਿ ਗੁਰੂ ਸਾਹਿਬ ਖਾਸ ਮੱਲਾ ਕੰਜਰੂੜ ਇਲਾਕੇ ਵਿਖੇ ਸਾਲਮ ਹੀ ਪ੍ਰਚਾਰ ਕਰਨ ਕਰਤਾਰਪੁਰ ਤੋਂ ਆਏ ਹੋਣ। ਸਗੋ ਇਸ ਗੱਲ ਦੀ ਸੰਭਾਵਨਾ ਜਿਆਦਾ ਬਣਦੀ ਹੈ। ਅਸੀ ਮੱਲਾ ਨੂੰ ਇਸ ਕਰਕੇ ਸ਼ਾਮਲ ਕੀਤਾ ਹੈ ਕਿਉਕਿ ਅਸੀ ਨਕਸ਼ੇ ਮੁਤਾਬਿਕ ਰੂਟ ਤਹਿ ਕਰਕੇ ਚਲ ਰਹੇ ਹਾਂ।

✚ ਕੈਸਰ-25, ■ ਇਸ ਲਿਖਾਰੀ ਦੇ ਨਾਨਕੇ ਇਸੇ ਹੀ ਪਿੰਡ ਦੇ ਸਨ। ਬਜੁਰਗਾਂ ਨੇ ਦੱਸਿਆ ਕਿ ਜਦੋਂ 1947 'ਚ ਮੁਸਲਮਾਨ ਧਾੜਵੀਆਂ ਦਾ ਜੱਥਾ ਪਿਆ ਤਾਂ ਸਿੱਖਾਂ ਤੇ ਹਿੰਦੂਆਂ ਨੂੰ ਸਭ ਕੁਝ ਛੱਡ ਛਡਾ ਕੇ ਚਾਣਚੱਕ ਦੌੜਨਾ ਪਿਆ ਸੀ। ਪਿੱਛੇ ਜੋ ਰਹੇ ਗਏ ਉਨਾਂ ਨੂੰ ਕਤਲ ਕਰ ਦਿੱਤਾ ਗਿਆ। ਲਿਖਾਰੀ ਦਾ ਨਾਨਾ ਈਸ਼ਰ ਸਿੰਘ ਗੁਰਦੁਆਰਾ ਸਾਹਿਬ ਛੱਡ ਕੇ ਜਾਣ ਨੂੰ ਤਿਆਰ ਨਹੀ ਸੀ ਇਸ ਕਰਕੇ ਉਨੂੰ ਵੀ ਗੁਰਦੁਆਰੇ ਵਿੱਚ ਹੀ ਜੀਂਦੇ ਜੀ ਸਾੜ ਦਿੱਤਾ ਗਿਆ ਸੀ। ○ ਮਹਾਨਕੋਸ਼- ਮੀਆਂ ਮਿੱਠਾ,



ਪਸਰੂਰ ਦੇ ਗੁਰਦੁਆਰਾ ਸਾਹਿਬ ਦਿਓਕੇ ਦਾ ਬਸ ਇਹ ਕੁਝ ਬਚਿਆ ਹੈ। ਪਸਰੂਰ ਭਾਵ ਪਰਸਰਾਮਪੁਰ। ਹਿੰਦੂ ਮਿਥਹਾਸ ਦੇ ਬ੍ਰਹਾਮਣ ਦੇਵਤਾ ਪਰਸਰਾਮ ਦਾ ਸ਼ਹਿਰ। ਉਹ ਪਰਸਰਾਮ ਜਿਸ ਨੇ ਖੱਤਰੀਆਂ ਨੂੰ ਖਤਮ ਕਰਨ ਦੀ ਸੌਂਹ ਖਾਧੀ ਸੀ।

ਰੂਪ ਲੈ ਚੁੱਕਾ ਹੈ। ਗੁਰੂ ਸਾਹਿਬ ਤੇ ਮੀਆਂ ਮਿੱਠਾ ਦਾ ਆਪਸ ਵਿੱਚ ਡੂੰਘਾ ਪ੍ਰੇਮ ਸੀ। ਇਨਾਂ ਦਾ ਮਿਲਾਪ ਡੇਰਾ ਬਾਬਾ ਨਾਨਕ ਦੇ ਲਾਗੇ ਪਿੰਡ ਕਠਿਆਲੇ ਵਿਖੇ ਵੀ ਹੋਇਆ। (ਵੇਖੋ ਸਫਾ 465)


-----◈-----

## ਭਾਰੋਵਾਲ (ਸੀਓਕੇ) ਦੇ ਮਸਖਰਿਆਂ ਨੇ ਗੁਰੂ ਸਾਹਿਬ ਨੂੰ ਢੀਮਾਂ ਮਾਰੀਆਂ

ਪਸਰੂਰ ਤੋਂ 22 ਕਿ. ਮੀ. ਪੱਛਮ ਚਲ ਕੇ ਗੁਰੂ ਸਾਹਿਬ ਗੁਰਾਇਆ ਜੱਟਾਂ ਦੇ ਪਿੰਡ ਸੀਓ-ਕੇ (ਜਾਂ ਸੀਓਕੀ) ਰੂਪਾ ਨਾਂ ਦੇ ਗੁਰਸਿੱਖ ਨੂੰ ਮਿਲਣ ਆਏ ਸਨ। ਗੁਰੂ ਸਾਹਿਬ ਨੇ ਪਿੰਡ ਦੇ ਬਾਹਰ ਹੀ ਬਿਰਾਜੇ ਸਨ। ਰੂਪਾ ਪਿੰਡ ਗੁਰੂ ਸਾਹਿਬ ਲਈ ਲੰਗਰ ਪਾਣੀ ਲੈਣ ਗਇਆ ਤਾਂ ਕੁਝ ਸਮੇ ਬਾਦ ਪਿੰਡ ਦੇ ਕੁਝ ਮਸਖਰੇ ਤੇ ਸੈਤਾਨ ਲੋਕ ਗੁਰੂ ਸਾਹਿਬ ਕੋਲ ਆ ਕੇ ਟਿੱਚਰਾਂ ਕਰਨ ਲੱਗ ਪਏ। ਪੁਰਾਣੇ ਸਮਿਆਂ ਵਿੱਚ ਵੀ ਕਈ ਲੋਕ ਸਾਧੂ ਸੰਤਾਂ ਨੂੰ ਬਹੁਤ ਨਫਰਤ ਕਰਦੇ ਹੁੰਦੇ ਸਨ ਕਿ ਇਹ ਵਿਹਲੜ ਐਵੇ ਤੁਰੇ ਫਿਰਦੇ ਨੇ। ਗੱਲ ਇਥੋਂ ਤੱਕ ਪਹੁੰਚ ਗਈ ਕਿ ਮੂਰਖਾਂ ਨੇ ਗੁਰੂ ਸਾਹਿਬ ਨੂੰ ਢੇਮਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਰੂਪਾ ਜਦੋਂ ਪਰਤਿਆ ਤਾਂ ਉਸਨੂੰ ਇਹ ਵੇਖ ਕੇ ਅਤਿਅੰਤ ਦੁੱਖ ਤੇ ਪੀੜਾ ਹੋਈ। ਰੂਪਾ ਕਹਿਣ ਲੱਗਾ ਬਾਬਾ ਜੀ ਇਹ ਪਿੰਡ ਗਰਕਣ ਤੇ ਆ ਗਇਆ ਹੈ ਜਿਹੜਾ ਨੇਕ ਇਨਸਾਨਾਂ ਦੀ ਕਦਰ ਨਹੀ ਕਰਦਾ। ਗੁਰੂ ਸਾਹਿਬ ਨੇ ਰੂਪੇ ਨੂੰ ਸਮਝਾਇਆ ਕਿ ਇਨਾਂ ਦਾ ਕੀ ਦੋਸ਼ ਇਨਾਂ ਦੀ ਬੁੱਧ ਹੀ ਭ੍ਰਿਸ਼ਟ ਗਈ ਹੈ। ਰੂਪਾ ਜਿੱਦ ਕਰਨ ਲੱਗਾ ਕਿ ਬਾਬਾ ਜੀ ਤੁਸੀ ਨਿਰੰਕਾਰ ਦਾ ਰੂਪ ਹੋ ਅਜਿਹੇ ਜੀਵਾਂ ਨੂੰ ਸਜਾ ਤਾਂ ਮਿਲਣੀ ਹੀ ਚਾਹੀਦੀ ਹੈ। ਪਰ ਸ਼ਾਂਤੀ ਦੇ ਸਮੁੰਦਰ ਗੁਰੂ ਸਾਹਿਬ ਰੂਪੇ ਨੂੰ ਹੀ ਸਮਝਾਉਂਦੇ ਰਹੇ।

ਗੁਰਦੁਆਰਾ ਨਾਨਕਸਰ ਸੀਓਕੀ ਦੀ ਪੁਰਾਣੀ ਤਸਵੀਰ (ਸਾਈਕਲ ਯਾਤਰੀ) ਅਸਲੀ ਨਾਂ: ਸੀਓਕੀ।



ਗੁਰਦੁਆਰਾ ਨਾਨਕਸਰ ਪਾ.੧ ਤੇ ੬ ਸੋਵਾਲਾ (ਸਿਆਲਕੋਟ), 20 ਸਤੰਬਰ 1932

ਪਰ ਗੁਰਸਿੱਖ ਰੂਪੇ ਦਾ ਕਿਹਾ ਕਦੋਂ ਬਿਰਥਾ ਜਾਣਾ ਸੀ। ਵਕਤ ਪਾ ਕੇ ਪਿੰਡ ਤੇ ਕੋਈ ਅਜਿਹੀ ਆਫਤ ਆਈ ਕਿ ਪਿੰਡ ਖੇਂਰੂ ਖੇਂਰੂ ਹੋ ਗਿਆ। ਹੋ ਸਕਦੈ ਕੋਈ ਤੂਨ ਜਾਂ ਹੈਜਾ ਆਦਿ ਫੈਲਿਆ ਹੋਵੇ। ਪਿੰਡ ਪੂਰੀ ਤਰਾਂ ਬੇ-ਚਰਾਗ ਹੋ ਗਿਆ। ਜਦੋਂ ਗੁਰੂ ਸਾਹਿਬ ਇਥੇ ਆਏ ਸਨ ਪਿੰਡ ਦਾ ਨਾਂ ਭਾਰੋਵਾਲ ਹੁੰਦਾ ਸੀ। ਹੁਣ ਵਾਲਾ ਪਿੰਡ ਜਿਸ ਦਾ ਨਾਂ ਸਿਓਕੇ ਹੈ ਬਾਦ ਵਿੱਚ ਅਬਾਦ ਹੋਇਆ।

ਇਥੇ ਗੁਰੂ ਸਾਹਿਬ ਦੇ ਬਿਰਾਜਣ ਦਾ ਜੋ ਅਸਥਾਨ ਬਣਿਆ ਉਹ ਛੋਟਾ ਨਨਕਾਣਾ ਕਹਾਉਂਦਾ ਸੀ। ਪਾਕਿਸਤਾਨ ਬਣਨ ਉਪਰੰਤ ਮੁਕਾਮੀ ਲੋਕਾਂ ਨੇ ਉਹਨੂੰ ਵੇਹਲਾ ਜਾਣ ਕੇ ਉਥੇ ਕਬਰਸਤਾਨ ਬਣਾ ਲਿਆ ਹੈ। ਹੋਲੀ ਹੋਲੀ ਇਮਾਰਤ ਵੀ ਅਲੋਪ ਹੋ ਗਈ। ਹੁਣ ਕੁਝ ਥਾਂ ਵਾਹੀ ਅਧੀਨ ਵੀ ਹੈ।

**ਫੱਤੇ ਭਿੰਡਰ** - ਭਾਰੋਵਾਲ (ਸੀਓਕੇ) ਤੋਂ 20 ਕਿ. ਮੀ. ਪੱਛਮ ਨੂੰ ਚਲਕੇ ਗੁਰੂ ਸਾਹਿਬ ਫੱਤੇ ਭਿੰਡਰ (ਕਈਆਂ ਨੇ ਫਤਹਿ ਵੀ ਲਿਖਿਆ ਹੈ) ਪਹੁੰਚੇ। ਅਤੇ ਕੋਈ ਇੱਕ ਦੋ ਰਾਤਾਂ ਰੁਕ ਕੇ ਗੁਰਮਤ ਦਾ ਪ੍ਰਚਾਰ ਕੀਤਾ। ਲਾਗਲੇ ਪਿੰਡਾਂ ਦੇ ਲੋਕ ਇਥੇ ਹੀ ਜੁੜੇ। ਅੱਜ ਉਂਜ ਇਹ ਪਿੰਡ ਛੋਟਾ ਜਿਹਾ ਹੀ ਰਹਿ ਗਇਆ ਹੈ। ਉਸ ਸਮੇਂ ਪਤਾ ਨਹੀ ਇਹਦੀ ਕੀ ਅਹਿਮੀਅਤ ਹੋਵੇਗੀ। ਇਹ 1947 ਤੋਂ ਪਹਿਲਾਂ ਵੀ ਮੁਸਲਮਾਨਾ ਪਿੰਡ ਹੀ ਸੀ। ਇਥੋਂ ਦਾ ਗੁਰਦੁਆਰਾ ਸਾਹਿਬ ਬਹੁਤ ਹੀ ਆਲੀਸ਼ਾਨ ਬਣਿਆ ਹੋਇਆ ਹੈ। ਮੁਰੰਮਤ ਦੀ ਸਖਤ ਜਰੂਰਤ ਹੈ ਨਹੀ ਤਾਂ ਛੇਤੀ ਹੀ ਢਹਿ ਜਾਏਗੀ। ਇਹੋ ਅੰਦਾਜ਼ਾ ਹੈ ਕਿ ਪਿੰਡ ਪਹਿਲਾਂ ਭਿੰਡਰ ਜੱਟ ਸਿੱਖਾਂ ਦਾ ਸੀ ਜੋ ਵਕਤ ਪਾ ਕੇ ਸਭ ਮੁਸਲਮਾਨ ਹੋ ਗਏ। ਹੋ ਸਕਦਾ



ਗੁਰੂ ਨਾਨਕ ਚਰਨ ਅਸਥਾਨ ਫਤਹਿ ਭਿੰਡਰ।

ਇਥੋ ਦਾ ਕੋਈ ਵੱਡੇ ਅਸਰ ਰਸੂਖ ਵਾਲਾ ਚੌਧਰੀ ਹੋਵੇ ਜਿਸ ਨੇ ਗੁਰੂ ਸਾਹਿਬ ਨੂੰ ਸੱਦਿਆ ਸੀ।

-----◈-----

**ਸਾਹੋਵਾਲਾ** - ਕਸਬਾ ਸਾਹੋਵਾਲਾ ਜਦੋਂ ਗੁਰੂ ਸਾਹਿਬ ਪਧਾਰੇ ਉਹ ਵਜੀਰਾਬਾਦ ਵਾਲੇ ਪਾਸੇ ਜਾ ਰਹੇ ਸਨ। (ਸਿਆਲਕੋਟ ਤੋਂ 13 ਕਿ. ਮੀ. ਪੱਛਮ) ਓਹਨੀ ਦਿਨੀ ਇਸ ਪਿੰਡ ਦਾ ਨਾਂ

ਗੁਮਟਾਲਾ ਗਿੱਲਾਂ ਵਾਲਾ ਹੁੰਦਾ ਸੀ। ਗੁਰੂ ਸਾਹਿਬ ਦੀ ਆਮਦ ਤੇ ਗਿੱਲ ਜੱਟ ਹੰਕਾਰ ਵਿੱਚ ਹੀ ਆਫਰੇ ਰਹੇ ਤੇ ਸਾਹਿਬ ਦਾ ਪ੍ਰਚਾਰ ਕੰਨ ਤੇ ਰੱਖਣ ਨੂੰ ਤਿਆਰ ਨਹੀ ਸਨ। ਗੁਰੂ ਸਾਹਿਬ ਦੀ ਦੂਰ ਦ੍ਰਿਸ਼ਟੀ ਇਨਾਂ ਦਾ ਭਵਿਖ ਵੀ ਦੇਖ ਰਹੀ ਸੀ। ਗੁਰੂ ਜੀ ਅੱਗੇ ਚਲਦੇ ਬਣੇ।

ਦੂਰ ਕੁਝ ਮੀਲਾਂ ਤੇ ਜਾ ਕੇ ਗੁਰੂ ਸਾਹਿਬ ਇੱਕ ਉਜਾੜ ਸਥਾਨ ਤੇ ਬਿਰਾਜੇ ਹੋਏ ਸਨ ਕਿ ਇੱਕ ਆਜੜੀ ਮੁੰਡਾ ਜੋ ਬਕਰੀਆਂ ਚਾਰ ਰਿਹਾ ਸੀ ਆ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ਫਿਰ ਬਕਰੀਆਂ ਚੋਅ ਕੇ ਗੁਰੂ ਸਾਹਿਬ ਅਤੇ ਸਾਥੀਆਂ ਨੂੰ ਦੁੱਧ ਭੇਟ ਕੀਤਾ। ਗੁਰੂ ਸਾਹਿਬ ਨੇ ਪੁੱਛਿਆ ਕਾਕਾ ਤੇਰਾ ਕੀ ਨਾਂ ਆ। ਉਸ ਕਿਹਾ ਕਿ ਮੇਰਾ ਨਾਮ ਸਾਉ ਹੈ ਪਿੰਡ ਸੋਹਦਰਾ।

ਗੁਰੂ ਸਾਹਿਬ ਦੀ ਸਾਉ ਤੇ ਮਿਹਰ ਦੀ ਨਿਗਾਹ ਹੋਈ ਤੇ ਉਹਨੂੰ ਕਹਿਣ ਲੱਗੇ ਸਾਊ ਤੂੰ ਆਪਣਾ ਪਿੰਡ ਛੱਡ ਪ੍ਰਵਾਰ ਸਮੇਤ ਗੁਮਟਾਲੇ ਜਾ ਵੱਸ। ਸਾਊ ਨੇ ਓਸੇ ਤਰਾਂ ਹੀ ਕੀਤਾ। ਵਕਤ ਪਾ ਕੇ ਕੋਈ ਅਜਿਹੀ ਆਫਤ ਆਈ ਕਿ ਗੁਮਟਾਲੇ ਦੇ ਸਾਰੇ ਗਿੱਲ ਪਿੰਡ ਛੱਡ ਕੇ ਦੌੜ ਗਏ। ਸਾਊ ਜੋ ਓਨੀ ਦਿਨੀ ਪਿੰਡ ਵਿੱਚ ਟੱਪਰੀ ਪਾ ਕੇ ਰਹਿ ਰਿਹਾ ਸੀ ਬੇਅਬਾਦ ਪਿੰਡ ਦਾ ਮਾਲਕ ਹੀ ਬਣ ਗਿਆ।

ਓਸੇ ਸਾਉ ਨੇ ਫਿਰ ਗੁਰੂ ਸਾਹਿਬ ਦਾ ਅਸਥਾਨ ਬਣਾਇਆ ਜਿੱਥੇ ਛੇਵੇਂ ਪਾਤਸ਼ਾਹ ਨੇ ਵੀ ਚਰਨ ਪਾਏ।

ਪਿੰਡ ਗੁਮਟਾਲਾ ਹੁਣ ਸਾਉਵਾਲਾ ਜਾਂ ਸਾਹੋਵਾਲਾ ਬਣ ਗਿਆ। ਸਾਉ ਚੀਮਾ ਗੋਤ ਦਾ ਜੱਟ ਸੀ।

ਖਾਲਸਾ ਸਰਕਾਰ ਵੇਲੇ ਇਥੇ ਇੱਕ ਨਿਹੰਗ ਸਿੰਘ ਸੇਵਾ ਕਰਦਾ ਸੀ। ਇੱਕ ਵੇਰਾਂ ਮਹਾਰਾਜਾ ਰਣਜੀਤ ਸਿੰਘ ਸਿਆਲਕੋਟ ਵਿਖੇ ਪਹੁੰਚੇ ਹੋਏ ਸਨ ਤੇ ਇਹ ਨਿਹੰਗ ਜਾ ਮਹਾਰਾਜਾ ਦੇ ਹਾਜਰ ਹੋਇਆ ਅਤੇ ਇਸ ਅਸਥਾਨ ਬਾਰੇ ਜਾਣਕਾਰੀ ਦਿੱਤੀ। ਨਾਲੇ ਗੁਰਦੁਆਰਾ ਸਾਹਿਬ ਨੇੜੇ ਮੌਜੂਦ ਸੁਖਚੈਨ ਰੁੱਖ ਦੀਆਂ ਦਾਤਣਾਂ ਵੀ ਨਾਲ ਲੈ ਗਇਆ ਸੀ ਜੋ ਮਹਾਰਾਜੇ ਦੇ ਭੇਟ ਕੀਤੀਆਂ। ਮਹਾਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਪੰਜ ਰੁਪਏ ਨਿਹੰਗ ਸਿੰਘ ਨੂੰ ਦਿੱਤੇ ਕਿ ਮੇਰੇ ਨਾਂ ਦਾ ਮੱਥਾ ਟੇਕ ਦੇਣਾ ਮੈਂ ਦੁਬਾਰਾ ਕਦੀ ਦਰਸ਼ਨ ਵੀ ਕਰਾਂਗਾ। ਪਰ ਮਹਾਰਾਜੇ ਨੂੰ ਵਕਤ ਹੀ ਨਾਂ ਮਿਲਿਆ ਦੁਬਾਰਾ ਆਉਣ ਦਾ।

-----◆-----



ਗੁਰੂ ਨਾਨਕ ਅਸਥਾਨ ਸਾਹੋਵਾਲਾ। ਇਹ ਉਦਾਸੀਆਂ ਦਾ ਗੁਰਦੁਆਰਾ ਸਾਹਿਬ ਜੋ ਮੰਦਰ ਦੀ ਨਿਆਈ ਬਣਿਆ ਹੈ। ਮੂਲ ਵਿਚ ਇਹ ਵੀ ਕੋਈ ਬੋਧੀ ਅਸਥਾਨ ਹੋਵੇਗਾ ਜੋ ਬਾਦ ਵਿਚ ਜੋਗੀਆਂ ਕੋਲ ਗਇਆ ਤੇ ਫਿਰ ਉਦਾਸੀਆਂ ਇਥੇ ਗੁਰਦੁਆਰਾ ਸਾਹਿਬ ਬਣਾਇਆ। ਕਿਹਾ ਜਾਂਦਾ ਸਾਹੋਵਾਲ ਕਸਬਾ 800 ਸਾਲ ਪੁਰਾਣਾ ਹੈ। ਅੱਜ ਕਲ ਇਸਲਾਮ ਦਾ ਪ੍ਰਸਿਧ ਕੇਂਦਰ ਬਣ ਚੁੱਕਾ ਹੈ।(ਫੋਟੋ: ਇਕਬਾਲ ਕੈਸਰ)

## ਸਿਆਲਕੋਟ

ਲਹੌਰ ਤਾਂ ਐਵੇਂ 1000 ਕੁ ਸਾਲ ਪਹਿਲਾਂ ਹੀ ਉਭਰਦਾ ਹੈ ਪੰਜਾਬ ਦੇ ਪੁਰਾਣੇ ਸ਼ਹਿਰ ਸਿਆਲਕੋਟ, ਜਲੰਧਰ ਤੇ ਮੁਲਤਾਨ ਆਦਿ ਹੋਏ ਨੇ। ਸ਼ਾਇਦ ਸਿਆਲਕੋਟ ਪੰਜਾਬ ਦਾ ਸਭ ਤੋਂ ਪੁਰਾਣਾ ਸ਼ਹਿਰ ਹੀ ਹੋਵੇ। ਇਸਦਾ ਜਿਕਰ ਤਾਂ ਬਕਾਇਦਾ ਮਹਾਂ ਭਾਰਤ ਵਿੱਚ ਵੀ ਮਿਲਦਾ ਹੈ। ਯੂਨਾਨੀ ਬਾਦਸ਼ਾਹ ਸਿਕੰਦਰ ਨੇ ਸਿਆਲਕੋਟ ਤੇ ਹਮਲਾ ਕਰਕੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ। ਬਾਦ ਵਿੱਚ ਫਿਰ ਓਸੇ ਦੇ ਗਵਰਨਰ ਰਾਜਾ ਮੀਨੰਦਰ ਨੇ ਸ਼ਹਿਰ ਨੂੰ ਅਬਾਦ ਕੀਤਾ ਤੇ ਰਾਜਧਾਨੀ ਬਣਾਇਆ ਸੀ। ਜਦੋਂ ਗੁਰੂ ਨਾਨਕ ਸਾਹਿਬ ਇਥੇ ਪਹੁੰਚੇ ਤਾਂ ਇਹ ਸ਼ਹਿਰ ਫਿਰ ਗਰਕ ਹੋਣ ਕਿਨਾਰੇ ਸੀ।

### ਹਮਜਾ ਗੌਂਸ ਸ਼ਹਿਰ ਨੂੰ ਤਬਾਹ ਕਰਨ ਤੇ ਤੁਲਿਆ ਸੀ

- ਸ਼ਹਿਰ ਦੇ ਦੱਖਣ ਪਾਸੇ ਐਕ ਨਦੀ ਕਿਨਾਰੇ ਹਮਜ਼ਾ ਗੌਂਸ ਨਾਂ ਦਾ ਫਕੀਰ ਕਿਸੇ ਪੁਰਾਣੇ ਮਕਬਰੇ ਜਾਂ ਤਕੀਏ ਤੇ ਰਹਿੰਦਾ ਸੀ। ਜਦੋਂ ਗੁਰੂ ਸਾਹਿਬ ਨੇ ਸਿਆਲਕੋਟ ਚਰਨ ਪਾਏ ਸ਼ਹਿਰ ਦੇ ਲੋਕ ਸਹਿਮੇ ਹੋਏ ਸਨ। ਕਿਉਕਿ ਹਮਜਾ ਗੌਂਸ ਨਾਂ ਦਾ ਫਕੀਰ ਸ਼ਹਿਰ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਚਿੱਲੇ ਕਰ ਰਿਹਾ ਸੀ।

ਕਾਰਨ ਇਹ ਸੀ ਕਿ ਫਕੀਰ ਨੂੰ ਸ਼ਹਿਰ ਨਿਵਾਸੀਆਂ ਨਾਲ ਗੁੱਸਾ ਸੀ ਕਿ ਇਹ ਵਾਇਦਾ ਕਰਕੇ ਮੁੱਕਰ ਜਾਂਦੇ ਨੇ। ਪਹਿਲਾਂ ਵੀ ਫਕੀਰ ਨਾਲ ਕੋਈ ਇੱਕ ਅੱਧ ਵਾਰਦਾਤ ਹੋਈ ਸੀ ਪਰ ਇਸ ਵਾਲੀ ਤੇ ਫਕੀਰ ਨੂੰ ਜਿਆਦਾ ਹੀ ਗੁੱਸਾ ਆ ਗਿਆ।

ਹੋਇਆ ਇਸ ਤਰਾਂ ਕਿ ਸ਼ਹਿਰ ਦੇ ਇੱਕ ਅਮੀਰ ਹਿੰਦੂ ਵਪਾਰੀ ਹਰਿਜਸ ਵਡੇਹਰਾ ਖੱਤਰੀ ਦੇ ਘਰ ਔਲਾਦ ਨਹੀ ਸੀ। ਉਹ ਪੀਰ ਦੇ ਦਰ ਤੇ ਗਿੜ ਗਿੜਾਇਆ ਤੇ ਇਥੋਂ ਤੱਕ ਕਹਿ ਦਿੱਤਾ ਕਿ ਜੇ ਮੇਰੇ ਘਰ ਔਲਾਦ ਹੋ ਜਾਏ ਤਾਂ ਪਹਿਲਾ ਮੁੰਡਾ ਮੈ ਪੀਰ ਦੀ ਦਰਗਾਹ ਤੇ ਹੀ ਚੜਾ ਦਿਆਂਗਾ। ਪੀਰ ਨੇ ਉਹਦੇ ਘਰ ਓਲਾਦ ਹੋਣ ਵਾਸਤੇ ਦੁਆ ਕੀਤੀ। ਵਕਤ ਪਾ ਕੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਜੰਮਦੇ ਬੱਚੇ ਨੂੰ ਉਹ ਪੀਰ ਦਾ ਅਸ਼ੀਰਵਾਦ ਦਿਵਾਉਣ ਲੈ ਕੇ ਆਇਆ। ਪੀਰ ਵੀ ਖੁਸ਼ ਹੋ ਗਿਆ। ਪਰ ਜਿਓ ਹੀ ਬੱਚਾ ਵੱਡਾ ਹੋਣਾ ਸ਼ੁਰੂ ਹੋਇਆ ਮਾਪਿਆਂ ਨੇ ਪੀਰ ਕੋਲ ਫੇਰਾ ਪਵਾਉਣਾ ਬੰਦ ਕਰ ਦਿੱਤਾ।

ਪੀਰ ਦੇ ਆਖਣ ਦੇ ਬਾਵਜੂਦ ਉਹ ਬੱਚੇ ਨੂੰ ਲੈ ਕੇ ਨਹੀ ਸਨ ਆਉਦੇ । ਇਸ ਤੇ ਪੀਰ ਨੂੰ ਬੜਾ ਗੁੱਸਾ ਚੜਿਆ ਤੇ ਉਸ ਨੇ ਢਿੰਡੋਰਾ ਪਿਟਵਾ ਦਿੱਤਾ ਕਿ ਉਹ 40 ਦਿਨ ਦਾ ਚਿੱਲਾ ਭੋਰੇ ਵਿੱਚ ਵੜ ਕੇ ਕੱਟਣ ਜਾ ਰਿਹਾ ਹੈ। ਚਿਲੇ ਅੱਗੇ ਕੰਧ ਕਢਵਾ ਲਈ ਕਿ ਮੈਂ 40 ਦਿਨ ਸੂਰਜ ਨਹੀ ਤਕਣਾ। ਸ਼ਹਿਰ ਵਾਸੀ ਇਸ ਗੱਲ ਤੇ ਸਹਿਮ ਗਏ।

ਭਾਣਾ ਕਰਤਾਰ ਦਾ। ਜਦੋਂ ਪੀਰ ਦੀ ਹੜਤਾਲ ਨੂੰ 30-35 ਦਿਨ

ਪੈੜ ਸਰੋਤ

**ਪਸਰੂਰ ਦਿਓਕਾ** -ਕੈਸਰ-26, ਬਰਵਾਲਾ-72
https://www.youtube.com/watch?v=Mdt6UcOLAkM
**ਸੀਓਕਾ (ਛੋਟਾ ਨਨਕਾਣਾ)**- ਕੈਸਰ 26, ਬਰਵਾਲਾ 73, ਦੀਦਾਰ-58,
**ਫਤਹਿ ਭਿੰਡਰ:**- ਬਰਵਾਲਾ-74, ਕੈਸਰ-31, ਦੀਦਾਰ- 59
**ਸਾਹੋਵਾਲ**- ਕੈਸਰ 25, ਬਰਵਾਲਾ 74, ਸੰਗ੍ਰਿਹ 23?

ਹੋ ਚੁੱਕੇ ਸਨ ਤਾਂ ਇਲਾਕੇ ਵਿੱਚ ਭੁਚਾਲ ਦਾ ਛੋਟਾ ਜਿਹਾ ਝਟਕਾ ਆਇਆ ਜਿਸ ਕਾਰਨ ਸ਼ਹਿਰ ਸਿਆਲਕੋਟ ਦੇ ਲੋਕ ਹੋਰ ਵੀ ਸਹਿਮ ਗਏ।

ਹਮਜਾ ਗੌਂਸ ਦੀ ਇਸ ਹੜਤਾਲ ਦਾ ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਨਾਂ ਸਿਆਲਕੋਟ ਨੂੰ ਚਾਲੇ ਪਾਏ ਸਨ। ਹਮਜਾ ਗੌਂਸ ਦੇ ਤਕੀਏ ਤੋਂ ਥੋੜਾ ਹਟਵਾਂ ਗੁਰੂ ਸਾਹਿਬ ਤੇ ਮਰਦਾਨੇ ਇੱਕ ਬੇਰੀ ਥੱਲੇ ਆ ਡੇਰਾ ਜਮਾ ਲਿਆ।



ਚਿਲ੍ਹਾ ਤੇ ਕਬਰ ਹਮਜ਼ਾ ਗੌਂਸ, ਸਿਆਲਕੋਟ। ਇਹਨਾਂ ਨੂੰ ਵੀ ਮੁਰੰਮਤ ਦੀ ਸਖਤ ਜਰੂਰਤ ਹੈ। ਸਾਨੂੰ ਨਹੀ ਲਗਦਾ ਕਿ ਇਸਲਾਮਿਕ ਸਟੇਟ ਪਾਕਿਸਤਾਨ ਇਸ ਅਸਥਾਨ ਦੀ ਮੁਰੰਮਤ ਕਰਵਾਏ। ਸੋ ਜਰੂਰਤ ਹੈ ਸਿੱਖ ਸੰਗਤਾਂ ਕੋਸ਼ਿਸ਼ ਕਰਕੇ ਇਹ ਯਾਦਗਾਰ ਵੀ ਬਚਾਈ ਰੱਖਣ। (ਫੋਟੋ: ਇਕਬਾਲ ਕੈਸਰ)

ਗੁਰੂ ਸਾਹਿਬ ਦੇ ਹੁਕਮ ਮੁਤਾਬਿਕ ਮਰਦਾਨੇ ਨੇ ਜਾ ਪੀਰ ਦੇ ਤੱਕੀਏ ਤੇ ਆਵਾਜ ਮਾਰੀ "ਪੀਰ ਜੀ! ਬਾਹਰ ਆਓ ਤੁਹਾਨੂੰ ਮਿਲਣ ਰੱਬ ਦਾ ਪਿਆਰਾ ਆਇਆ ਹੈ। "

ਅੰਦਰੋਂ ਅਵਾਜ ਆਈ ਕਿ ਪੀਰ ਜੀ ਦਾ 40 ਦਿਨ ਦਾ ਚਿੱਲਾ ਚਲ ਰਿਹਾ ਹੈ ਉਹ ਬਾਹਰ ਨਹੀ ਨਿਕਲਣਗੇ ਜਿੰਨਾ ਚਿਰ ਸਿਆਲਕੋਟ ਸ਼ਹਿਰ ਤਬਾਹ ਨਹੀ ਹੋ ਜਾਂਦਾ। ਸੋ ਪੀਰ ਨੇ ਗੱਲ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ।

ਮਰਦਾਨੇ ਨੇ ਜਾ ਗੁਰੂ ਸਾਹਿਬ ਨੂੰ ਦੱਸਿਆ ਕਿ ਪੀਰ ਤਾਂ ਤਕੀਏ ਦੁਆਲੇ ਕੰਧਾਂ ਬਣਾਈ ਬੈਠਾ ਹੈ ਅਤੇ ਜਿੱਦ ਵਿੱਚ ਹੈ ਕਿ ਮੈਂ ਬਾਹਰ ਨਹੀ ਆਉਣਾ।

ਇਸ ਤੋਂ ਬਾਦ ਫਿਰ ਗੁਰੂ ਸਾਹਿਬ ਖੁਦ ਤਕੀਏ ਤੇ ਗਏ ਤੇ ਅਵਾਜ ਮਾਰੀ ਕਿ ਖੁਦਾ ਦਾ ਵਾਸਤਾ ਪੀਰ ਜੀ ਬਾਹਰ ਆਉ। ਪੀਰ ਨੇ ਐਤਕਾਂ ਨਿਰੀ ਨਾਂ ਹੀ ਨਹੀ ਕੀਤੀ ਸਗੋਂ ਰੁੱਖਾ ਵੀ ਬੋਲਿਆ।

ਗੁਰੂ ਸਾਹਿਬ ਅਵਾਜ ਲਾ ਕੇ ਤਕੀਏ ਤੋਂ ਪਰਤੇ ਹੀ ਸਨ ਕਿ ਤਕੀਏ ਦੀ ਕੰਧ ਡਿੱਗ ਪਈ। ਹਮਜਾ ਗੌਂਸ ਦੀ ਸੌਂਹ ਕਿ ਮੈਂ 40 ਦਿਨ ਸੂਰਜ ਨਹੀ ਵੇਖਣਾ, ਟੁੱਟ ਗਈ।

ਹਮਜਾ ਬਹੁਤ ਕਲਪਿਆ। ਪਰ ਨਾਲ ਹੀ ਉਨੂੰ ਅਹਿਸਾਸ ਹੋ ਗਇਆ ਕਿ ਇਹ ਤਾਂ ਸੱਚ ਮੁੱਚ ਹੀ ਰੱਬ ਦਾ ਕੋਈ ਪਿਆਰਾ ਹੈ ਜੋ ਮੈਨੂੰ ਅਵਾਜਾਂ ਲਾ ਰਿਹਾ ਸੀ।




ਗੁਰਦੁਆਰਾ ਬਾਓਲੀ ਸਾਹਿਬ। ਜਦੋਂ ਦੂਸਰੀ ਵਾਰੀ ਗੁਰੂ ਸਾਹਿਬ ਸਿਆਲਕੋਟ ਆਏ ਤਾਂ ਇਥੇ ਰੁਕੇ ਸਨ। ਇਥੇ ਹੀ ਮੂਲੇ ਕਰਾੜ ਦੀ ਲਾਸ਼ ਉਹਦੇ ਰਿਸ਼ਤੇਦਾਰ ਚੁੱਕ ਲਿਆਏ ਸਨ ਕਿ ਮੂਲੇ ਕੋਲੋਂ ਗਲਤੀ ਹੋ ਗਈ ਇਹਨੂੰ ਬਖਸ਼ ਦਿਓ।

ਪੀਰ ਪਹੁੰਚ ਗਇਆ ਗੁਰੂ ਸਾਹਿਬ ਕੋਲ। ਕਹਿਣ ਲੱਗਾ ਮੇਰੀ ਖੁਦਾ ਨਾਲ ਲਗਨ ਲੱਗੀ ਹੋਈ ਸੀ ਤੁਸਾਂ ਤੋੜ ਦਿੱਤੀ ਹੈ। ਮੈਨੂੰ ਪ੍ਰੇਸ਼ਾਨ ਕੀਤਾ ਹੈ ਤੁਸੀ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿਹੜੇ ਖੁਦਾ ਦੀ ਗੱਲ ਕਰ ਰਹੇ ਹੋ? ਪੀਰ ਨੂੰ ਹੋਰ ਗੁੱਸਾ ਆਇਆ ਤੇ ਕਹਿਣ ਲੱਗਾ ਉਹ ਖੁਦਾ ਜੋ ਸਾਰੀ ਕਾਇਨਾਤ ਦਾ ਮਾਲਕ ਹੈ ਤੇ ਤੇਰਾ (ਨਾਨਕ) ਵੀ ਮਾਲਕ ਹੈ। ਗੁਰੂ ਸਾਹਿਬ ਕਿਹਾ ਕਿ ਕੀ ਉਹ ਖੁਦਾ ਸਿਆਲਕੋਟ ਦੇ ਨਿਵਾਸੀਆਂ ਦਾ ਨਹੀ ਹੈ?

ਪੀਰ ਨੂੰ ਇੱਕ ਦਮ ਹੋਸ਼ ਆ ਗਈ। ਪੀਰ ਲਾਜਵਾਬ ਸੀ। ਅੱਗੇ ਕੁਝ ਵੀ ਕਹਿਣ ਦੀ ਜਰੂਰਤ ਨਾ ਪਈ। ਪੀਰ ਸਾਹਿਬ ਗੁਰੂ ਸਾਹਿਬ ਦੇ ਚਰਨਾਂ ਤੇ ਸੀ। ਫਿਰ ਵੀ ਦਲੀਲ ਮਾਤ੍ਰ ਕਹਿਣ ਲੱਗਾ ਕਿ ਸਿਆਲਕੋਟ ਦੇ ਲੋਕ ਅਹਿਸਾਨ ਫਰਾਮੋਸ਼ ਨੇ। ਖੁਦਾ ਬੁਰੇ ਬੰਦੇ ਨੂੰ ਸਜਾ ਦਿੰਦਾ ਹੈ।

ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਕੀ ਸਾਰਾ ਸਿਆਲਕੋਟ ਹੀ ਬੇਈਮਾਨ ਲੋਕਾਂ ਦਾ ਹੈ? ਪੀਰ ਸਾਹਿਬ ਜਿੱਦ ਵਿੱਚ ਆਏ ਤੇ ਕਹਿਣ ਲੱਗੇ ਹਾਂ ਸਾਰੇ ਹੀ ਲੋਕ ਝੂਠੇ ਨੇ ,ਬੇਈਮਾਨ ਹਨ। ਗੁਰੂ ਸਾਹਿਬ ਨੇ ਕਿਹਾ ਚਲੋ ਹੁਣੇ ਦੇਖ ਲੈਂਨੇ ਆ।

ਗੁਰੂ ਜੀ ਨੇ ਮਰਦਾਨੇ ਨੂੰ ਦੋ ਟਕੇ ਦਿੱਤੇ ਤੇ ਕਿਹਾ ਕਿ ਬਾਜਾਰ ਵਿੱਚ ਜਾਓ ਤੇ ਹਰ ਦੁਕਾਨਦਾਰ ਨੂੰ ਕਹੋ ਕਿ ਮੈਨੂੰ ਟਕੇ ਦਾ ਝੂਠ ਤੇ ਟਕੇ ਦਾ ਸੱਚ ਦਿਓ। ਮਰਦਾਨਾ ਬਜਾਰ ਵਿੱਚ ਪਹੁੰਚਿਆ। ਜਿਵੇ ਇੱਕ ਦੋ ਦੁਕਾਨਾਂ ਤੇ ਗਇਆ ਤਾਂ ਓਥੇ ਹਾਸਾ ਪੈ ਗਿਆ। ਦੁਕਾਨਦਾਰ ਇਕੱਠੇ ਹੋ ਗਏ ਕਿ ਵੇਖੋ ਇਹ ਅਨੋਖਾ ਹੀ ਗਾਹਕ ਆਇਆ ਹੈ।

ਪਰ ਇਨਾਂ ਹਟਵਾਣੀਆਂ ਵਿੱਚ ਇੱਕ ਮੂਲਾ ਨਾਂ ਦਾ ਕਰਾੜ (ਬਾਣੀਆ) ਵੀ ਸੀ। ਉਸ ਨੇ ਮਰਦਾਨੇ ਕੋਲੋ ਦੋਵੇ ਟਕੇ ਲੈ ਲਏ ਤੇ ਇੱਕ ਪਰਚੀ ਤੇ ਲਿਖ ਦਿੱਤਾ: ਜੀਊਣਾ ਝੂਠ ਤੇ ਮਰਨਾ ਸੱਚ।

ਜਿਵੇ ਮਰਦਾਨਾ ਪਰਚੀ ਲੈ ਕੇ ਗੁਰੂ ਸਾਹਿਬ ਕੋਲ ਪਹੁੰਚਾ ਤਾਂ ਗੁਰੂ ਸਾਹਿਬ ਨੇ ਪਰਚੀ ਪੜ੍ਹ ਕੇ ਪੀਰ ਨੂੰ ਇਹ ਗੱਲ ਦੱਸੀ ਕਿ ਸਾਰਾ ਸ਼ਹਿਰ ਝੂਠਿਆਂ ਦਾ ਨਹੀ। ਕਈ ਰੱਬ ਨੂੰ ਮੰਨਣ ਵਾਲੇ ਬੰਦੇ ਵੀ ਹੁੰਦੇ ਨੇ,

ਗਿਆਨਵਾਨ ਬੰਦੇ ਵੀ ਹਰ ਸਮਾਜ ਵਿੱਚ ਹੁੰਦੇ ਨੇ ਤੇ ਝੂਠੇ ਫਰੇਬੀ ਵੀ ਹਰ ਥਾਂ। ਗੁਰੂ ਸਾਹਿਬ ਨੇ ਪੀਰ ਨੂੰ ਕੁਦਰਤ ਦੇ ਖੇਡ ਬਾਰੇ ਗਿਆਨ ਕਰਵਾਇਆ ਕਿ ਕੁਦਰਤ ਨੇ ਵੰਨਗੀ ਪੈਦਾ ਕੀਤੀ ਹੈ। ਬੁਰਾਈ ਤੋਂ ਹੀ ਸਾਨੂੰ ਚੰਗਿਆਈ ਦਾ ਪਤਾ ਲੱਗਦਾ ਹੈ। ਚੋਰ ਯਾਰ ਕੂੜਿਆਰ ਸਾਧੂ ਸੰਤ ਸਭ ਓਸੇ ਖੁਦਾ ਦੇ ਹੀ ਪੈਦਾ ਕੀਤੇ ਹੋਏ ਹਨ। :

**ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥**

ਉਪਰੰਤ ਜਦੋਂ ਗੁਰੂ ਸਾਹਿਬ ਨੇ ਹੇਠਲੀ ਪਾਉੜੀ ਪੜੀ ਤਾਂ ਪੀਰ ਦੇ ਮੰਨ ਨੂੰ ਕੁਝ ਢਾਰਸ ਬੱਝੀ।

**ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥**



ਗੁਰਦੁਆਰਾ ਸਾਹਿਬ ਬਾਬੇ ਦੀ ਬੇਰ। ਹਮਜ਼ਾ ਗੌਂਸ ਦਾ ਚਿੱਲ੍ਹਾ ਤੜਾਉਣ ਵੇਲੇ ਜਿਥੇ ਗੁਰੂ ਸਾਹਿਬ ਬਿਰਾਜੇ ਹੋਏ ਸਨ। ਓਥੇ ਦੀ ਉਸ ਵੇਲੇ ਦੀ ਬੇਰੀ ਅੱਜ ਵੀ ਮੌਜੂਦ ਹੈ। ਪਾਕਿਸਤਾਨ ਸਰਕਾਰ ਨੇ ਇਮਾਰਤ ਦੀ ਕਾਰ ਸੇਵਾ ਕਰਵਾਈ ਹੈ।

ਪੀਰ ਵੀ ਗੁਰੂ ਸਾਹਿਬ ਦਾ ਮੁਰੀਦ ਹੀ ਬਣ ਗਿਆ।

ਜਿਸ ਬੇਰੀ ਥੱਲੇ ਗੁਰੂ ਸਾਹਿਬ ਬਿਰਾਜੇ ਸਨ ਉਹ ਅੱਜ ਤੱਕ ਮੌਜੂਦ ਹੈ ਤੇ ਓਥੇ ਬੜਾ ਖੂਬਸੂਰਤ ਗੁਰਦੁਆਰਾ ਸਾਹਿਬ ਵੀ ਮੌਜੂਦ ਹੀ ਜਿਸ ਦੀ ਮੁਰੰਮਤ ਕੁਝ ਸਮਾਂ ਪਹਿਲਾਂ ਹੀ ਪਾਕਿਸਤਾਨ ਦੀ ਸਰਕਾਰ ਨੇ ਕਰਵਾਈ ਹੈ।

ਇਥੇ 5-7 ਦਿਨ ਪ੍ਰਚਾਰ ਕਰਕੇ ਗੁਰੂ ਸਾਹਿਬ ਜੰਮੂ ਵਲ ਨੂੰ ਚਲਦੇ ਹੋਏ।

### ਮੂਲਾ ਵੀ ਗੁਰੂ ਦਾ ਹੋ ਗਇਆ-

ਗੁਰੂ ਸਾਹਿਬ ਦੇ ਪ੍ਰਚਾਰ ਦਾ ਅਜਿਹਾ ਅਸਰ ਪਿਆ ਕਿ ਮੂਲਾ ਆਪਣੀ ਹੱਟੀ ਦੀ ਸੌਂਪਣਾ ਕਰਕੇ ਗੁਰੂ ਸਾਹਿਬ ਨਾਲ ਹੀ ਹੋ ਤੁਰਿਆ। ਗੁਰੂ ਸਾਹਿਬ ਨੇ ਉਨੂੰ ਬਥੇਰਾ ਮਨ੍ਹਾ ਕੀਤਾ ਸੀ। ਕੁਝ ਹੀ ਸਮੇਂ ਬਾਦ ਮੂਲੇ ਨੂੰ ਘਰ ਦੀ ਯਾਦ ਸਤਾਉਣ ਲੱਗ ਪਈ। ਆਪਣੀ ਮੰਗੇਤਰ ਨੂੰ ਯਾਦ ਕਰ ਕਰ ਕੇ ਅਥਰੂ ਵਹਾਉਣ ਲੱਗ ਪਿਆ। ਗੁਰੂ ਸਾਹਿਬ ਨੇ ਮੂਲੇ ਨੂੰ ਵਾਪਸ ਭੇਜ ਦਿੱਤਾ ਕਿ ਜਾ, ਜਾ ਕੇ ਵਿਆਹ ਕਰਵਾ ਲੈ। ਤੇਰੀ ਲਾੜੀ ਤੈਨੂੰ ਉਡੀਕਦੀ ਪਈ ਏ। ਸੋ ਮੂਲਾ ਪਹਾੜੀ ਇਲਾਕੇ ਦੀ ਸੈਰ ਵੇਲੇ ਨਾਲ ਸੀ। ਇਹਦੀ ਸਾਖੀ ਅੱਗੇ ਸਫਾ 456 ਤੇ ਵੇਖੋ।

ਹਮਜਾ ਗੌਂਸ ਦੇ ਨਾਂ ਖਾਲਸਾ ਸਰਕਾਰ ਵੇਲੇ ਇੱਕ ਪਿੰਡ ਬੰਨਿਆ ਗਇਆ ਜੋ ਅੱਜ ਵੀ ਫਲ ਫੁੱਲ ਰਿਹਾ ਹੈ।

ਹਰਜਸ ਵਢੇਹਰਾ ਦਾ ਜਿਹੜਾ ਮੁੰਡਾ ਪੀਰ ਦੀ ਦੁਆ ਨਾਲ ਪੈਦਾ ਹੋਇਆ ਸੀ, ਵਫਾਦਾਰੀ ਨਿਭਾਉਂਦੇ ਹੋਏ ਮਾਪਿਆਂ ਨੇ ਉਹਨੂੰ ਮੁਸਲਮਾਨ ਬਣਾ ਦਿੱਤਾ ਜਿਸ ਦੀ ਮੁਸਲਮਾਨ ਓਲਾਦ ਅੱਜ ਵੀ ਸਿਆਲਕੋਟ ਵਿੱਚ ਹੈ। ਹਰਜਸ ਦੇ ਹੋਰ ਵੀ ਓਲਾਦ ਹੋਈ ਜੋ ਹਿੰਦੂ ਹੀ ਰਹੀ ਤੇ 1932 ਈ. ਵਿੱਚ ਇਹਨਾਂ ਦਾ ਟੱਬਰ ਵੀ ਕਾਫੀ ਫੈਲ ਚੁੱਕਾ ਸੀ ਤੇ ਸਿਆਲਕੋਟ ਵਿੱਚ ਵਢੇਹਰਿਆਂ ਦੀ ਗੱਲ ਇਸ ਪ੍ਰਵਾਰ ਦੀ ਹੀ ਸੀ। 1947 ਦੀ ਵੰਡ ਤੋਂ ਬਾਦ ਇਹ ਕਿਥੇ ਬੈਠੇ, ਕੋਈ ਪਤਾ ਨਹੀ।

ਬਾਕੀ ਮੂਲੇ ਕਰਾੜ ਦੇ ਅਜੇ ਕੋਈ ਓਲਾਦ ਨਹੀ ਸੀ ਹੋਈ ਜਿਸ ਕਰਕੇ ਉਹਦੇ ਜਾਨਸ਼ੀਨ ਨਹੀ ਹਨ।



ਸਿਆਲਕੋਟ ਇਲਾਕੇ ਵਿਚ ਅੱਜ ਵੀ ਮਕਬੂਲ ਹੈ, ਪੂਰਨ ਭਗਤ ਦਾ ਖੂਹ।

ਗੁਰਦੁਆਰਾ ਬੇਰ ਸਾਹਿਬ ਦੀ ਕਾਰ ਸੇਵਾ ਜਥੇਦਾਰ ਨੱਥਾ ਸਿੰਘ ਮਿਸਲ ਸ਼ਹੀਦਾਂ ਨੇ ਕਰਵਾਈ ਸੀ। ਸਿੱਖ ਰਾਜ ਵੇਲੇ ਕਈ ਪਿੰਡਾਂ ਦੀ ਜਗੀਰ ਵੀ ਗੁਰਦੁਆਰਾ ਸਾਹਿਬ ਦੇ ਨਾਂ ਲਾਈ ਗਈ। ਜਥੇਦਾਰ ਨੱਥਾ ਸਿੰਘ ਦਾ ਇੰਤਕਾਲ 1817 ਈ. ਹੋਇਆ ਅਤੇ ਉਨਾਂ ਦੀ ਯਾਦ ਵਿੱਚ ਵੀ ਸਿਆਲਕੋਟ ਵਿਖੇ ਗੁਰਦੁਆਰਾ ਹੁੰਦਾ ਸੀ।

ਜੰਮੂ ਦੇ ਰਾਹ ਤੋਂ ਥੋੜਾ ਜਿਹਾ ਪਾਸੇ ਜਾ ਕੇ ਮਤਲਬ ਚਪਰਾੜ ਰੋਡ ਤੇ **ਪਿੰਡ ਤਿਲਕਪੁਰ** ਤੇ ਕਾਨਪੁਰ ਹਨ। (ਸਿਆਲਕੋਟ ਤੋਂ 15 ਕਿ. ਮੀ. ਚੜ੍ਹਦਾ ਪਹਾੜ ਪਾਸੇ) ਇਥੇ ਤਿਲਕਪੁਰ ਵਿਖੇ ਗੁਰੂ ਸਾਹਿਬ ਦੇ ਬਿਰਾਜਣ ਦੀ ਯਾਦਗਾਰ ਵਜੋਂ ਗੁਰਦੁਆਰਾ ਨਾਨਕਸਰ ਸਾਹਿਬ ਮੌਜੂਦ ਹੈ। ਹਾਲਾਂ ਹੁਣ ਗੁਰਦੁਆਰਾ ਸਾਹਿਬ ਦੇ

ਖੰਡਰਾਤ ਹੀ ਬਚੇ ਹਨ। ਪਤਾ ਲੱਗਾ ਹੈ ਕਿ ਅਸਥਾਨ ਦੀ ਜਮੀਨ ਤੇ ਲੋਕਾਂ ਨੇ ਕਬਜੇ ਕਰ ਲਏ ਨੇ ਤੇ ਆਪਸ ਵਿੱਚ ਓਨਾਂ ਦੇ ਮੁਕੱਦਮੇ ਵੀ ਚਲ ਰਹੇ ਨੇ।***** ਹੋ ਸਕਦੈ ਇਥੇ ਵੀ ਜੋਗੀਆਂ ਦਾ ਕੋਈ ਮਹੱਤਵਪੂਰਨ ਅਸਥਾਨ ਰਿਹਾ ਹੋਵੇਗਾ ਜਿਹੜਾ ਗੁਰੂ ਸਾਹਿਬ ਇਥੇ ਆਏ। ਜਾ ਕੋਈ ਵੱਡਾ ਮੰਦਰ ਆਦਿ ਹੋਵੇਗਾ। ਕਿਓਕਿ ਲਹੌਰ ਪਾਸਿਓ ਜਦੋਂ ਹਿੰਦੂ ਸ਼ਰਧਾਲੂ ਵੈਸ਼ਨੋਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ ਤਾਂ ਇਹ ਪਿੰਡ ਲੱਗਪਗ ਰਸਤੇ ਵਿੱਚ ਹੀ ਪੈਂਦੇ ਸਨ। ਇਹ ਪਿੰਡ ਹਿੰਦ-ਪਾਕ ਸਰਹੱਦ ਤੋਂ ਕੇਵਲ ਦੋ ਕਿ.ਮੀ ਹੈ। ਸਾਹਮਣੇ ਰਣਬੀਰ ਸਿੰਘ ਪੁਰਾ ਸੈਕਟਰ ਪੈਂਦਾ ਹੈ।



ਬਚੇ ਖੁਚੇ ਖੰਡਰ ਗੁਰਦੁਆਰਾ ਤਿਲਕ ਪੁਰ

-----◈-----

## ਜੰਮੂ ਵਿੱਚ ਬਾਬਾ ਨਾਨਕ

ਤਿਲਕਪੁਰ- ਕਾਨਪੁਰ ਤੋਂ 30 ਕਿ.ਮੀ. ਦਾ ਪੈਡਾ ਕਰਕੇ ਗੁਰੂ ਸਾਹਿਬ ਜੰਮੂ ਪਹੁੰਚੇ।

ਜੰਮੂ ਵੀ ਕਾਫੀ ਪੁਰਾਣਾ ਸ਼ਹਿਰ ਗਿਣਿਆ ਜਾਂਦਾ ਹੈ। ਕਿਉਕਿ ਇਥੇ ਮੰਦਰਾਂ ਦੀ ਭਰਮਾਰ ਹੁੰਦੀ ਸੀ ਇਸ ਕਰਕੇ ਇਨੂੰ ਮੰਦਰਾਂ ਦਾ ਸ਼ਹਿਰ ਵੀ ਗਿਣਿਆ ਜਾਂਦਾ ਸੀ। ਜੰਮੂ ਅਤੇ ਨੇੜੇ ਤੇੜੇ ਦੇ ਹੋਰ ਡੁੱਗਰ ਇਲਾਕੇ ਵਿੱਚ ਗੁਰੂ ਸਾਹਿਬ ਖੂਬ ਫਿਰੇ ਤੇ ਲੋਕਾਂ ਨੂੰ ਨਾਮ ਨਾਲ ਜੋੜਿਆ। ਅਨੇਕਾਂ ਬ੍ਰਾਹਮਣ ਪਰਿਵਾਰ ਵੀ ਸਿੱਖੀ ਲਈ ਸ਼ਰਧਾ ਰੱਖਦੇ ਸਨ। ਪਰ 1849 ਈ ਵਿੱਚ ਜਦੋਂ ਅੰਗਰੇਜਾਂ ਨੇ ਖਾਲਸਾ ਰਾਜ ਤੇ ਕਬਜਾ ਕਰ ਲਿਆ ਤਾਂ ਓਦੋ ਇਸ ਇਲਾਕੇ ਦੇ ਡੋਗਰੇ ਰਾਜਾ ਧਿਆਨ ਸਿੰਘ, ਹੀਰਾ ਸਿੰਘ, ਗੁਲਾਬ ਸਿੰਘ ਹੁਰੀ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਵਾਸ਼ਪਾਤਰ ਸਨ। ਧਿਆਨ ਸਿੰਘ ਤਾਂ ਪ੍ਰਧਾਨ ਮੰਤਰੀ ਸੀ। ਹੀਰਾ ਸਿੰਘ ਨੂੰ ਮਹਾਰਾਜਾ ਬਹੁਤ ਅਕਲਮੰਦ ਸਮਝਦਾ ਸੀ। ਬਾਦ ਵਿੱਚ ਸਾਬਤ ਹੋ ਗਇਆ ਡੋਗਰਿਆਂ ਦਾ ਇਹ ਟੱਬਰ ਅੰਦਰਖਾਤੇ ਅੰਗਰੇਜਾਂ ਨੂੰ ਸਿੱਖ ਦਰਬਾਰ ਬਾਰੇ ਸੂਹ ਵੀ ਦਿਆ ਕਰਦਾ ਸੀ। ਖਾਲਸਾ ਰਾਜ ਦਾ ਖਾਤਮਾ ਹੋ ਗਇਆ ਅਤੇ ਡੋਗਰਿਆਂ ਨੂੰ ਇਨਾਮ ਵਜੋਂ ਜੰਮੂ ਕਸ਼ਮੀਰ ਦਾ ਇਲਾਕਾ ਅੰਗਰੇਜਾਂ ਨੇ ਦੇ ਦਿੱਤਾ। ਰਾਜਾ ਗੁਲਾਬ ਸਿੰਘ ਫਿਰ ਕੁਝ ਈਰਖਾਲੂ ਬ੍ਰਾਹਮਣਾਂ ਦੇ ਕਹੇ ਖਾਲਸਾ ਰਾਜ ਦੀ ਮੁਖਾਲਫਤ ਕਰਦਿਆਂ ਕਰਦਿਆਂ ਸਿੱਧਾ ਸਿੱਖ ਧਰਮ ਦੀ ਵਿਰੋਧਤਾ ਤੇ ਹੀ ਆ ਗਇਆ। ਕਿਉਕਿ ਇਸ ਪਰਿਵਾਰ ਨੇ ਜਿਹੜਾ ਦੇਸ਼-ਧ੍ਰੋਹ ਕੀਤਾ ਸੀ ਉਹਦੀ ਵਕਾਲਤ ਕਰਦਿਆਂ ਉਸ ਨੇ ਇਹ ਸਾਬਤ ਕਰਨਾਂ ਸ਼ੁਰੂ ਕਰ ਦਿੱਤਾ ਕਿ ਉਹ ਸਿੱਖੀ ਦੇ ਖਿਲਾਫ ਸਨ ਜਿਸ ਕਰਕੇ ਉਹਨਾਂ ਇਹ ਕਰਤੂਤ ਕੀਤੀ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਡੁੱਗਰ ਇਲਾਕੇ ਵਿਚ ਸਿੱਖੀ ਖਿਲਾਫ ਹੀ ਨਫਰਤ ਖੜੀ ਕਰ ਦਿੱਤੀ ਗਈ।



ਗੁਫਾ ਪੀਰ ਖੋ, ਜਾਮਵੰਤ। ਜੰਮੂ। ਇਥੇ ਗੁਰੂ ਸਾਹਿਬ ਦਾ ਆਉਣਾ ਤਸਦੀਕ ਹੁੰਦਾ ਹੈ।

ਫਿਰ ਵੀ ਸਿੱਖੀ ਬਾਬਤ ਸ਼ਰਧਾ ਦੇ ਖੰਡਰਾਤ ਕਿਤੇ ਕਿਤੇ ਦੁਰਗਮ ਪਹਾੜੀ ਇਲਾਕਿਆਂ ਵਿਚ ਅਖੌਤੀ ਨੀਵੀ ਅਤੇ ਪਛੜੀਆਂ ਜਾਤਾਂ ਵਿਚ ਮਿਲਦੇ ਹਨ। ਪਰ ਬਦਕਿਸਮਤੀ ਨਾਲ ਸਿੱਖ ਪ੍ਰਚਾਰਕ ਉਹਨਾਂ ਤਕ ਪਹੁੰਚ ਬਣਾਉਣ ਵਿਚ ਅਸਫਲ ਰਹੇ ਹਨ।

ਜੰਮੂ ਦੀ ਯਾਤਰਾ ਵੇਲੇ ਗੁਰੂ ਸਾਹਿਬ ਸ਼ਹਿਰ ਦੇ ਸਾਰੇ ਮੰਦਰਾਂ ਵਿੱਚ ਗਏ ਤੇ ਬ੍ਰਾਹਮਣਾਂ ਨੂੰ ਦੇਵੀ ਦੇਵਤਿਆਂ ਦੀ ਨਿਰਾਰਥਕ ਪੂਜਾ ਤੋਂ ਵਰਜ ਕੇ ਇੱਕ ਨਿਰੰਕਾਰ ਭਗਵਾਨ ਦੇ ਲੜ ਲਾਉਣਾ ਚਾਹਿਆ।

ਗੁਰੂ ਸਾਹਿਬ ਦਾ ਜਾਮਵੰਤ ਦੀ ਗੁਫਾ ਜਾਣਾ ਵੀ ਲਿਖਿਆ ਮਿਲਦਾ ਹੈ। ਇਹ ਤਵੀ ਦਰਿਆ ਦੇ ਕੰਢੇ ਹੈ। ਇਸ ਮੰਦਰ ਦਾ ਨਾਂ 18 ਵੀ ਸਦੀ (?) ਵਿੱਚ ਹੋਏ ਪੀਰ ਖੋ ਦੀ ਗੁਫਾ ਕਰਕੇ ਜਿਆਦਾ ਪ੍ਰਸਿੱਧ ਹੈ। ਪੀਰ ਖੋ ਵੀ ਕੋਈ ਜੋਗੀ ਸੀ।

ਰਮਾਇਣ ਦੀ ਕਥਾ ਮੁਤਾਬਿਕ ਜਾਮਵੰਤ, ਭਗਵਾਨ ਰਾਮ ਦਾ ਸੈਨਾਪਤੀ ਸੀ। ਜਦੋਂ ਰਾਵਣ ਹਾਰ ਗਇਆ ਤੇ ਅਮਨ ਸ਼ਾਂਤੀ ਹੋ ਗਈ ਤਾਂ ਜਾਮਵੰਤ ਨੇ ਭਗਵਾਨ ਰਾਮ ਨੂੰ ਕਿਹਾ ਕਿ ਭਗਵਾਨ ਮੈਨੂੰ ਤਾਂ ਯੁੱਧਕਲ਼ਾ ਦੇ ਜੌਹਰ ਵਿਖਾਉਣ ਦਾ ਮੌਕਾ ਹੀ ਨਹੀ ਤੁਸਾਂ ਦਿੱਤਾ। ਸਾਰੀ ਲੜਾਈ ਤੁਸੀ ਆਪ ਹੀ ਅਗਵਾਈ ਕਰੀ ਗਏ ਹੋ। ਕਥਾ 'ਚ ਦਸਦੇ ਨੇ ਕਿ ਭਗਵਾਨ ਨੇ ਜਾਮਵੰਤ ਨੂੰ ਕਿਹਾ ਕਿ ਤੂੰ ਏਥੇ (ਮਤਲਬ ਜੰਮੂ ਦੀ ਗੁਫਾ ਵਿਖੇ) ਤਪੱਸਿਆ ਕਰੀ ਜਾਓ ਤ੍ਰੇਤੇ ਯੁਗ ਵਿੱਚ ਆ ਕੇ ਅਸੀ ਕ੍ਰਿਸ਼ਨ ਦੇ ਰੂਪ ਵਿੱਚ ਤੇਰੇ ਨਾਲ ਯੁਧ ਕਰਾਂਗੇ। ਕਿਤੇ ਕਥਾ ਵਿੱਚ ਜਾਮਵੰਤ ਨੂੰ ਰਿੱਛ ਵੀ ਦੱਸਿਆਂ ਗਇਆ ਹੈ।


ਕਿਉਕਿ ਇਹ ਵੀ ਜੋਗੀਆਂ ਦਾ ਹੀ ਮੱਠ ਸੀ ਇਸ ਤੋਂ ਸਾਬਤ ਹੁੰਦਾ ਹੈ ਕਿ ਮੂਲ ਵਿੱਚ ਇਹ ਵੀ ਬੋਧੀ ਸਥਾਨ ਹੀ ਸੀ। ਗੁਰੂ ਸਾਹਿਬ ਜਦੋਂ ਇਥੇ ਆਏ ਜੋਗੀਆਂ ਦਾ ਟੋਲਾ ਇਥੇ ਨਿਵਾਸ

ਪੈੜ ਸੂਹ

**ਸਿਆਲਕੋਟ (ਬੇਰ ਸ ਬਾਉਲੀ ਸ)**- ਬਰਵਾਲਾ -72, ਕੈਸਰ-24, ਬਰਵਾਲਾ-74, ਸੰਗ੍ਰਿਹ 22, 23, ਦੀਦਾਰ -56, ਸਰਨਾ-77 । **ਤਿਲਕ ਪੁਰ–** ਬਰਵਾਲਾ 74, ਕੈਸਰ-22 ।**ਜੰਮੂ** –ਸਰਨਾ 197, **ਮਨਕੋਟ**-ਗਿਆਨੀ 223, **ਹਮਜਾ ਗੌਂਸ**- ਸਾਈਕਲ ਯਾਤਰੀ-554, **ਪਿੰਗਰ** -ਗਿਆਨੀ 222 ਗੁਫਾ ਵੇਖੀ।(ਭੰਬਲਭੂਸਾ : ਹੋ ਸਕਦਾ ਗੱਲ ਪਾਂਗੀ ਘਾਟੀ ਦੀ ਹੋਵੇ)

**ਬਾਬੇ ਦੀ ਬੇਰ ਸਿਆਲਕੋਟ–** ਬੇਰੀ ਦਾ ਦਰਖਤ ਅੱਜ ਵੀ ਮੌਜੂਦ ਹੈ। ਹਾਲਾਂ ਕੁਝ ਸਾਲ ਪਹਿਲਾਂ ਇਥੇ ਮੁਤੱਸਵੀਆਂ ਨੇ ਇੱਕ ਮੁਸਲਮਾਨ ਫਕੀਰ ਨੂੰ ਨੇੜੇ ਦਫਨਾਅ ਦਿੱਤਾ ਸੀ। ਮੌਜੂਦਾ ਇਮਾਰਤ ਜਿਸ ਦੀ ਸੇਵਾ ਥੋੜਾ ਚਿਰ ਪਹਿਲਾਂ ਹੀ ਹੋਈ ਉਹ ਸ਼ਹੀਦ ਨੱਥਾ ਸਿੰਘ ਦੀ ਬਣਵਾਈ ਹੋਈ ਹੈ। ਇਸੇ ਗੁਰਦੁਆਰਾ ਸਾਹਿਬ ਵਿੱਚ ਰਹਿ ਕੇ ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਲਿਖੀ ਸੀ। ਸਹੀਦ ਨੱਥਾ ਸਿੰਘ ਦੀ ਸਮਾਧ ਤੇ ਸਰੋਵਰ ਵੀ ਹੈ।

ਕਈ ਲਿਖਾਰੀਆਂ ਦਾ ਵਿਚਾਰ ਹੈ ਕਿ ਸਿਆਲਕੋਟ ਦੀ ਯਾਤਰਾ ਗੁਰੂ ਸਾਹਿਬ ਨੇ ਮੱਕੇ ਵਾਲੀ ਉਦਾਸੀ ਤੋਂ ਬਾਦ ਕੀਤੀ ਸੀ। ਪਰ ਜੇ ਸਥਾਨਕ ਪ੍ਰੰਪਰਾ ਨੂੰ ਗਹੁ ਨਾਲ ਵੀਚਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਪਾਸੇ ਦੀ ਯਾਤਰਾ ਵੇਲੇ ਮਰਦਾਨਾ ਨਾਲ ਸੀ। ਮਰਦਾਨੇ ਨੂੰ ਟਕੇ ਦਾ ਸੱਚ ਤੇ ਝੂਠ ਖਰੀਦਣ ਬਜਾਰ ਭੇਜਿਆ ਸੀ।




ਜੰਮੂ ਵਿਖੇ ਗੁਰੂ ਨਾਨਕ ਸਾਹਿਬ ਯਾਦਗਾਰੀ ਗੁਰਦੁਆਰਾ। ਸਾਈਕਲ ਯਾਤਰੀ ਅਨੁਸਾਰ ਸਿੱਖਾਂ ਨੇ ਡੋਗਰਾ ਰਾਜਾ ਹਰੀ ਸਿੰਘ ਨੂੰ ਅਰਜੀ ਦਿੱਤੀ ਸੀ ਕਿ ਸਾਨੂੰ ਜਾਮਵੰਤ ਗੁਫਾ ਨੇੜੇ ਗੁਰਦੁਆਰਾ ਸਾਹਿਬ ਬਣਾਉਣ ਵਾਸਤੇ ਥਾਂ ਦਿੱਤੀ ਜਾਵੇ। ਉਸ ਨੇ ਕਿਹਾ ਕਿ ਹੋਰ ਕੋਈ ਵੀ ਖਾਲੀ ਥਾਂ ਲੱਭ ਲਵੋ, ਜਮੀਨ ਅਲਾਟ ਹੋ ਜਾਵੇਗੀ। ਇਸ ਕਰਕੇ ਇਹ ਗੁਰਦੁਆਰਾ ਸਾਹਿਬ ਦੀ ਯਾਦਗਾਰ ਵਿਚ ਹੈ। ਜੰਮੂ ਵਿਖੇ ਹੀ ਪੰਚਾਇਤੀ ਗੁਰਦੁਆਰੇ ਵਿਚ ਮਹਾਰਾਜਾ ਪ੍ਰਤਾਪ ਸਿੰਘ ਨੇ ਗੁਰੂ ਸਾਹਿਬ ਦੀ 3 ਫੁੱਟ ਉਚੀ ਸੰਗਮਰਮਰ ਦੀ ਮੂਰਤੀ ਲਵਾਈ ਹੋਈ ਹੈ। ਸਿੰਘ ਸਭਾ ਲਹਿਰ ਵੇਲੇ ਇਸ ਮੂਰਤੀ ਵਲ ਕਿਸੇ ਦਾ ਧਿਆਨ ਨਹੀ ਸੀ ਗਇਆ ਜਿਸ ਕਰਕੇ ਅੱਜ ਵੀ ਬਚੀ ਹੋਈ ਹੈ।

ਕਰਦਾ ਸੀ। ਜੋਗੀਆਂ ਨਾਲ ਜਦੋਂ ਸਾਹਿਬ ਦੀ ਚਰਚਾ ਹੋਈ ਤਾਂ ਉਸ ਵਕਤ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:-

ਰਾਮਕਲੀ ਮਹਲਾ ੧ ॥ ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥ ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥ ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥ ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥ ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥ ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥ ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥ ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥ ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥ ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥ ਜਿਹਵਾ ਇੰਦ੍ਰੀ ਸਾਦਿ ਲੁੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥ ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥ ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥ ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥ ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

ਭਾਈ ਮਨੀ ਸਿੰਘ ਨੇ ਸਥਾਨਕ ਰਾਜੇ ਦਾ ਗੁਰੂ ਸਾਹਿਬ ਨਾਲ ਮਿਲਾਪ ਹੋਣਾ ਵੀ ਲਿਖਿਆ ਹੈ। ਇਤਹਾਸ ਫੋਲੀਏ ਤਾਂ ਪਤਾ ਲੱਗਦਾ ਹੈ ਓਦੋਂ ਜੰਮੂ ਦਾ ਰਾਜਾ ਘੋਗੜ ਦੇਵ ਸੀ॥ ਜੋ ਰਾਜਾ ਕਪੂਰ ਦੇਵ ਦਾ ਪਿਤਾ ਸੀ। ਘੋਗੜ ਕਿਉਕਿ ਪਹਾੜੀ ਕਾਂ ਦੀ ਇੱਕ ਜਾਤੀ ਹੈ ਇਸ ਕਰਕੇ ਜੰਮੂ ਨਾਲ ਸਬੰਧਤ ਸਾਖੀਆਂ ਨੂੰ ਕਾਗ ਭਸੁੰਡ (ਕਾਂ) ਦੀਆਂ ਸਾਖੀਆਂ ਕਰਕੇ ਮਸ਼ਹੂਰ ਹਨ।

## ਰਾਜਾ ਘੋਗੜ ਦੇਵ ਭੇਸ ਬਦਲ ਕੇ ਕਥਾ ਸੁਣਨ ਆਇਆ।

ਜੰਮੂ ਵਿੱਚ ਸ਼ਾਮੀ ਜਦੋਂ ਗੁਰੂ ਸਾਹਿਬ ਨੇ ਦੀਵਾਨ ਲਾਇਆ ਤਾਂ ਰਾਜਾ ਘੋਗੜ ਦੇਵ ਭੇਸ ਬਦਲ ਕੇ ਗੁਰੂ ਸਾਹਿਬ ਦੀ ਕਥਾ ਤੇ ਕੀਰਤਨ ਸੁਣਦਾ ਰਿਹਾ। ਦੀਵਾਨ ਵਿੱਚ ਹੋਰ ਸਾਧੂ ਸੰਤਾਂ ਜੋਗੀਆਂ ਨੇ ਵੀ ਵਖਿਆਨ ਦਿੱਤੇ ਸਨ। ਰਾਜਾ ਰਸਭਿੰਨੇ ਕੀਰਤਨ ਤੋਂ ਬਹੁਤ ਪ੍ਰਭਾਵਤ ਹੋਇਆ। ਅਖੀਰ ਉਸ ਕੋਲੋਂ ਰਿਹਾ ਨਾਂ ਗਇਆ ਤਾਂ ਉਹ ਮਰਦਾਨੇ ਤੱਕ ਗਇਆ ਤੇ ਪੁੱਛ ਹੀ ਲਿਆ ਕਿ ਇਹ ਕਿਸ ਕਵੀਸ਼ਰ ਦੀ ਕਵਿਤਾ ਤੁਸਾਂ ਗਾਈ ਹੈ। ਅੱਗੋ ਮਰਦਾਨੇ ਨੇ ਕਿਹਾ ਕਿ ਗੁਰੂ ਨਾਨਕ ਦੀ। ਨਾਲ ਹੀ ਮਰਦਾਨੇ ਨੇ ਇਸ਼ਾਰਾ ਦਿੱਤਾ ਕਿ ਆਹ ਮੇਰੇ ਨਾਲ ਖ਼ੁੱਦ ਗੁਰੂ ਨਾਨਕ ਸਾਹਿਬ ਹੀ ਹਨ। ਰਾਜੇ ਨੇ ਗੁਰੂ ਸਾਹਿਬ ਦੀ ਉਪਮਾ ਪਹਿਲਾਂ ਹੀ ਸੁਣ ਰੱਖੀ ਸੀ। ਉਹ ਝੱਟ ਗੁਰੂ ਸਾਹਿਬ ਦੇ ਕੋਲ ਗਇਆ ਤੇ ਮੱਥਾ ਟੇਕਿਆ ਤੇ ਦੱਸਿਆ ਕਿ ਮੈਂ ਇਥੋਂ ਦਾ ਰਾਜਾ ਹਾਂ।

ਜਦੋਂ ਘੋਗੜ ਦੇਵ ਗੁਰੂ ਸਾਹਿਬ ਦੀਆਂ ਚਮਤਕਾਰੀ ਤਾਕਤਾਂ ਦਾ ਲੋਹਾ ਮੰਨ ਗਇਆ ਤਾਂ ਉਸ ਨੇ ਬੜੀ ਅਧੀਨਗੀ ਨਾਲ ਅਰਦਾਸ ਕੀਤੀ ਕਿ ਮੇਰੇ ਤੇ ਵੀ ਕਿਰਪਾ ਕਰੋ। ਬ੍ਰਾਹਮਣਾਂ ਤਾਂ ਮੇਰੀਆਂ ਸਿਫਤਾਂ ਕਰ ਕਰ ਕੇ ਮੈਨੂੰ ਵੱਡੀਆਂ ਉਪਾਧੀਆਂ ਦੇ ਰੱਖੀਆਂ ਹਨ। ਕੋਈ ਕਹਿੰਦਾ ਕਿ ਤੂੰ ਕਾਗ-ਭਸੁੰਡ ਦਾ ਅਵਤਾਰ ਹੈਂ ਤੇ ਕੋਈ ਜਾਮਵੰਤ ਦਾ ਅਵਤਾਰ ਦਸਦਾ ਹੈ। ਗੁਰੂ ਸਾਹਿਬ ਨੇ ਰਾਜੇ ਨੂੰ ਯਥਾਰਥੀ ਹੋਣ ਦਾ ਉਪਦੇਸ਼ ਦਿੱਤਾ ਤੇ ਕਿਹਾ ਕਿ ਇਨਾਂ ਬ੍ਰਾਹਮਣਾਂ ਦੀਆਂ ਦਿੱਤੀਆ ਪਦਵੀਆਂ ਸਦਕਾ ਤੂੰ ਮੌਤ ਨੂੰ ਨਹੀ ਟਾਲ ਸਕਦਾ।

ਗੁਰੂ ਸਾਹਿਬ ਨੇ ਉਨੂੰ ਹੋਰ ਉਪਦੇਸ਼ ਦਿੱਤਾ ਕਿ*

- ਨਿਆਂ ਧਰਮ ਦਾ ਕਰਨਾਂ। ਪੱਖ ਪਾਤ ਨਹੀ ਕਰਨਾ।
- ਇਸ ਜੀਵਨ ਨੂੰ ਸੁਪਨੇ ਦੀ ਨਿਆਈ ਸਮਝਣਾ।
- ਸਤਿਨਾਮ ਦਾ ਜਾਪ ਕਰਿਆ ਕਰੋ।
- ਆਏ ਗਏ ਸਾਧੂ ਸੰਤ ਦੀ ਸੇਵਾ ਕਰਨਾਂ।

ਗੁਰੂ ਸਾਹਿਬ ਨੇ ਰਾਜੇ ਨੂੰ ਬਖਸ਼ਸ਼ ਕੀਤੀ ਕਿ ਤੂੰ 22 ਧਾਰ ਦੇ ਪਹਾੜੀ ਰਾਜਿਆਂ ਦਾ ਮਹਾਰਾਜਾ ਬਣੇਗਾ।

ਕੁਝ ਦਿਨ ਇਥੇ ਪ੍ਰਚਾਰ ਕੀਤਾ ਤਾਂ ਨਵਰਾਤਰਿਆਂ ਦੇ ਉਤਰਨ ਵਿਚ ਅਜੇ ਦਿਨ ਸਨ ਇਸ ਕਰਕੇ ਗੁਰੂ ਸਾਹਿਬ ਪੁਰਮੰਡਲ ਤੇ ਗੁਰੂ ਸਾਹਿਬ ਸ਼ਰਧਾਲੂਆਂ ਦੇ ਸੰਗ ਦੇ ਨਾਲ ਵੈਸ਼ਨੋ ਦੇਵੀ ਨੂੰ ਰਵਾਨਾ ਹੋ ਗਏ। ਜੰਮੂ ਤੋਂ ਕਟੜਾ (ਪਹਾੜਾਂ ਵਿੱਚ ਵੈਸਨੋ ਦੇਵੀ ਮੰਦਰ ਦਾ ਅਧਾਰ) ਕੋਈ 50 ਕਿ. ਮੀ. ਉਤਰ ਹੈ।

-----◈-----

## ਪੁਰਮੰਡਲ ਦੀ ਗਿੱਦੜੀ◈

ਜੰਮੂ ਤੋਂ 20 ਕਿ.ਮੀ. ਪੂਰਬ ਵਿੱਚ ਦੇਵਕਾ ਨਦੀ ਦੇ ਕੰਢੇ ਤੇ ਇਹ ਹਿੰਦੂਆਂ ਦਾ ਪਵਿੱਤਰ ਅਸਥਾਨ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਇਥੇ ਵੀ ਆਏ ਸਨ।

ਪੁਰਮੰਡਲ, ਡੁੱਗਰ ਦੇਸ ਦੀ ਕਾਂਸ਼ੀ ਗਿਣੀ ਜਾਂਦੀ ਹੈ, ਜਿੱਥੇ ਹਿੰਦੂ ਸ਼ਰਧਾਲੂ ਮਰ ਗਇਆਂ ਦੀ ਗਤੀ ਕਰਵਾਉਣ ਆਉਦੇ ਹਨ। ਇਸ ਸ਼ਿਵ ਮੰਦਰ ਵਿੱਚ ਇੱਕ ਗਿੱਦੜੀ ਦੇ ਬੁੱਤ ਦੀ ਪੂਜਾ ਵੀ ਹੁੰਦੀ ਹੈ।

ਇਥੋਂ ਦੀ ਕਹਾਣੀ ਕੁਝ ਇਸ ਤਰਾਂ ਹੈ ਕਿ ਇੱਕ ਰਾਜਾ ਸ਼ਿਕਾਰ ਖੇਡਣ ਦਾ ਬਹੁਤ ਸ਼ੌਕੀਨ ਸੀ। ਇੱਕ ਵੇਰਾਂ ਸ਼ਿਕਾਰ ਖੇਡਦਿਆਂ ਉਸ ਨੇ ਇੱਕ ਗਿੱਦੜੀ ਦੇ ਹੀ ਤੀਰ ਮਾਰ ਦਿੱਤਾ। ਤੀਰ ਗਿੱਦੜੀ ਦੇ ਸਿਰ ਤੇ ਵੱਜਾ। ਉਹ ਕਈ ਦਿਨਾਂ ਤੱਕ ਮਰੀ ਨਾਂ ਤੇ ਤੜਫਦੀ ਰਹੀ। ਅਖੀਰ ਪੁਰਮੰਡਲ ਦੇ ਸਰੋਵਰ ਤੇ ਆ ਕੇ ਉਸ ਪਾਣੀ ਪੀਤਾ

ਤੇ ਉਹਦੀ ਜਾਨ ਨਿਕਲ ਗਈ। ਭਾਵ ਉਹਦੀ ਗਤੀ ਜਾਂ ਮੁਕਤੀ ਹੋ ਗਈ।

ਕੁਝ ਸਮੇਂ ਬਾਦ ਰਾਜੇ ਦੇ ਘਰ ਇੱਕ ਧੀ ਨੇ ਜਨਮ ਲਿਆ। ਉਹ ਹਮੇਸ਼ਾਂ ਰੋਂਦੀ ਹੀ ਰਹਿੰਦੀ ਸੀ। ਹਾਰ ਕੇ ਰਾਜੇ ਨੇ ਜੋਤਸ਼ੀ ਸੱਦੇ ਤੇ ਪੁੱਛਿਆ ਕਿ ਇਸ ਕੁੜੀ ਦਾ ਵੀ ਕੁਝ ਹੋ ਸਕੇਗਾ। ਜੋਤਸ਼ੀਆਂ ਨੇ ਟੇਵੇ ਲਾ ਕੇ ਰਾਜੇ ਨੂੰ ਦੱਸਿਆ ਕਿ ਰਾਜਾ ਤੂੰ ਇੱਕ ਗਿੱਦੜੀ ਨੂੰ ਬੜਾ ਦੁੱਖ ਦਿੱਤਾ ਸੀ ਜਿਸ ਕਰਕੇ ਤੇਰੀ ਧੀ ਨੂੰ ਉਹਦਾ ਬਦਲਾ ਚੁਕਾਉਣਾ ਪੈ ਰਿਹਾ ਹੈ। ਤੂੰ ਗਿਦੜੀ ਦੇ ਤੀਰ ਮਾਰਿਆ ਸੀ ਜਿਸ ਨਾਲ ਉਹ ਕਈ ਦਿਨ ਤੜਫਦੀ ਰਹੀ। ਰਾਜੇ ਨੇ ਬੰਦਿਆਂ ਨੂੰ ਲਾ ਕੇ ਇਲਾਕੇ ਦੀ ਛਾਣ ਬੀਨ ਕਰਵਾਈ ਤੇ ਵੇਖਿਆ ਕਿ ਇੱਕ ਗਿੱਦੜੀ ਦੇ ਕਰੰਗ ਦੀ ਖੋਪੜੀ ਵਿੱਚ ਤੀਰ ਖੁਭਿਆ ਹੋਇਆ ਹੈ। ਮੁਲਾਜਮਾਂ ਨੇ ਉਹ ਤੀਰ ਗਿੱਦੜੀ ਦੀ ਖੋਪੜੀ ਵਿਚੋਂ ਕੱਢਿਆ ਤੇ ਦੂਸਰੇ ਪਾਸੇ ਰਾਜ ਕੁਮਾਰੀ ਨੂੰ ਚੈਨ ਪੈ ਗਿਆ। ਰਾਜੇ ਨੇ ਗਿੱਦੜੀ ਦਾ ਬੁੱਤ ਬਣਵਾ ਕੇ ਪੁਰਮੰਡਲ ਮੰਦਰ ਵਿੱਚ ਲਵਾ ਦਿੱਤਾ ਜਿਹੜਾ ਅੱਜ ਵੀ ਮੌਜੂਦ ਹੈ।


ਗੁਰੂ ਸਾਹਿਬ ਨੇ ਇਥੇ ਵੀ ਫਿਰ ਬ੍ਰਾਹਮਣਾਂ ਤੇ ਲੋਕਾਈ ਨੂੰ ਇਸ ਭਰਮ ਵਿਚੋਂ ਕੱਢਿਆ ਕਿ ਤੁਹਾਡੇ ਪਿੰਡ ਦਾਨ, ਦੀਵਾ ਵੱਟੀ ਜਾਂ ਕਰਮ ਕਾਂਡ ਨਾਲ ਮੋਇਆ ਦੀ ਕੋਈ ਗਤੀ ਨਹੀ ਹੁੰਦੀ।

**ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥... ਭਾਵ ਬਾਬੇ ਨੇ ਕਿਹਾ ਹਾਂ ਮੈਂ ਵੀ ਦੀਵਾ ਵੱਟੀ ਕਰਦਾ ਵਾਂ। ਹਰੀ ਦੀ ਸਿਫਤ ਸਲਾਹ ਦਾ ਦੀਵਾ ਬਣਾਉਨੈ ਮੈ ਉਹਦੇ ਵਿੱਚ ਮੈਂ ਜੀਆਂ ਦੇ ਸਾਰੇ ਦੁੱਖਾਂ ਨੂੰ ਤੇਲ ਵਾਕੂ ਪਾ ਫੂਕ ਦਿੰਨਾਂ ਵਾਂ।** (ਪੂਰਾ ਸ਼ਬਦ ਵੇਖੋ ਸਫਾ .131)

*ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਮਾਨਸਰ ਝੀਲ ਜਾਣ ਬਾਰੇ ਵੀ ਲਿਖਿਆ ਹੈ।

ਮਾਨਸਰ ਝੀਲ ਜਿਹੜੀ ਕੋਈ ਡੇਢ ਕਿ. ਮੀ. ਲੰਮੀ ਤੇ ਕਿ. ਮੀ. ਚੌੜੀ ਹੈ ਅਤੇ ਰਾਮਕੋਟ ਦੀ ਕਹਾਣੀ ਪੰਡਤ ਮਹਾਂਭਾਰਤ ਨਾਲ ਜੋੜਦੇ ਹਨ। ਉਹ ਇਸ ਤਰਾਂ ਕਿ ਜਦੋਂ ਅਰਜਨ ਪਾਂਡਵ ਨੇ ਅਸਮੇਧ ਜੱਗ ਕੀਤਾ ਤਾਂ ਉਹਦਾ ਘੋੜਾ ਰਾਮਕੋਟ ਦੇ ਰਾਜੇ ਬੱਬਰ ਵਾਹਣ ਨੇ ਫੜ੍ਹ ਲਿਆ। ਜਿਸ ਕਰਕੇ ਅਰਜੁਨ ਤੇ ਬੱਬਰ ਦਰਮਿਆਨ ਜੁੱਧ ਹੋਇਆ। ਬੱਬਰ ਨੇ ਅਰਜਨ ਦਾ ਸਿਰ ਵੱਢ ਦਿੱਤਾ। ਜਦੋਂ ਬੱਬਰ ਦੀ ਮਾਂ ਉਲਪੀ ਨੂੰ ਪਤਾ ਲੱਗਾ ਕਿ ਤੂੰ ਤਾਂ ਆਪਣੇ ਹੀ ਪਿਓ ਨੂੰ ਮਾਰ ਦਿੱਤਾ ਹੈ ਤਾਂ ਬੱਬਰ ਪਛਤਾਇਆ। ਉਲਪੀ ਬਾਸ਼ਕ ਨਾਗ ਦੀ ਪੁੱਤਰੀ ਸੀ। ਅਰਜੁਨ ਨੂੰ ਸੁਰਜੀਤ ਕਰਨ ਲਈ ਮਣੀ ਚਾਹੀਦੀ ਸੀ। ਮਣੀ ਲੈਣ ਲਈ ਬੱਬਰ ਵਾਹਣ ਨੂੰ ਹੁਣ ਸ਼ੇਸਨਾਗ ਨਾਲ ਜੁਧ ਕਰਨਾਂ ਪਿਆ। ਬੱਬਰ ਨੇ ਅਜਿਹਾ ਤੀਰ ਮਾਰਿਆ ਕਿ ਸੁਰੰਗਸਰ ਵਾਲੀ ਸੁਰੰਗ ਬਣ ਗਈ ਜਿਸਦਾ ਨਾਂ ਅੱਜ ਸੁਰਨਸਰ। ਮਣੀ ਲੈ ਕੇ ਬੱਬਰ ਜਿਥੋਂ ਬਾਹਰ ਨਿਕਲਿਆ ਉਸ ਥਾਂ ਦਾ ਨਾਂ ਬਣਿਆ ਮਣੀਸਰ ਸਾਂ ਜਾਂ ਮਾਨਸਰ।

ਮਾਨਸਰ, ਪੁਰਮੰਡਲ ਤੋਂ ਸਿੱਧੀ ਸਾਰੀ 12 ਕਿ.ਮੀ ਦੂਰ ਹੈ ਪਰ ਪਹਾੜੀ ਇਲਾਕਾ ਹੋਣ ਕਰਕੇ ਘੁੰਮ ਕੇ ਕੋਈ 40 ਕਿ. ਮੀ ਪਵੇਗਾ। ਸਾਨੂੰ ਨਹੀ ਲੱਗਦਾ ਕਿ ਇਥੇ ਵੀ ਗੁਰੂ ਸਾਹਿਬ ਆਏ ਹੋਣ ਹਾਲਾਂ ਇਥੇ ਨਾਗ ਦੇਵਤਾ ਦਾ ਮੰਦਰ ਤਾਂ ਜਰੂਰ ਹੈ। ਮਾਨਸਰ ਝੀਲ ਤੋਂ ਸੁਰੀਨਸਰ ਝੀਲ 15 ਕਿ.ਮੀ. ਉਤਰ-ਪੱਛਮ ਹੈ। ਇਹ ਅਸਥਾਨ ਤਫਰੀ ਪੱਖੋ ਤਾਂ ਠੀਕ ਹੈ ਪਰ ਧਾਰਮਿਕ ਪੱਖੋ



ਪੁਰਮੰਡਲ ਦੀ ਗਿਦੜੀ

ਇਨੇ ਪ੍ਰਸਿਧ ਨਹੀ ਹਨ। ਖੈਰ ਉਸ ਜਮਾਨੇ ਇਨਾਂ ਦੀ ਕੀ ਅਹਿਮੀਅਤ ਸੀ ਇਸ ਬਾਰੇ ਕੁਝ ਨਹੀ ਕਿਹਾ ਜਾ ਸਕਦਾ। ਮਾਨਸਰ ਝੀਲ ਤੋਂ 20 ਕਿ. ਮੀ. ਚਲਕੇ ਗੁਰੂ ਸਾਹਿਬ ਬੱਬਰ ਵਾਹਣ ਦੀ ਰਾਜਧਾਨੀ ਮਾਨਕੋਟ ਪਹੁੰਚੇ।⊙ ਇਸਦਾ ਮੌਜੂਦਾ ਨਾਂ ਰਾਮਕੋਟ ਹੈ। ਸਾਡਾ ਅੰਦਾਜ਼ਾ ਹੈ ਕਿ ਰਾਜਾ ਘੋਗੜ ਦੇਵ ਉਸ ਵੇਲੇ ਇਥੋਂ ਦਾ ਰਾਜਾ ਸੀ। ਜਿਸ ਦੀ ਕਾਗ ਭੁਸੰਡ ਵਾਲੀ ਕਹਾਣੀ ਗੁਰੂ ਸਾਹਿਬ ਨਾਲ ਜੋੜੀ ਮਿਲਦੀ ਹੈ। ਕਿਉਕਿ ਧੁਰ ਪਹਾੜੀ ਇਲਾਕਾ ਹੈ ਇਹ। ਇਨ੍ਹਾਂ ਪਹਾੜੀ ਤੀਰਥਾਂ ਤੋਂ ਹੀ ਕਿਤਿਓ ਮੂਲੇ ਕਰਾੜ ਨੂੰ ਗੁਰੂ ਸਾਹਿਬ ਨੇ ਵਾਪਸ ਸਿਆਲਕੋਟ ਭੇਜ ਦਿੱਤਾ। ਕਿਉਕਿ ਮੂਲਾ ਰੋਜ ਰੋਜ ਦੀ ਪੈਦਲ ਯਾਤਰਾ ਤੋਂ ਅੱਕ ਗਇਆ ਸੀ। ਕਿਉਕਿ ਹਰ ਥਾਂ ਸ਼ੇਸ਼ ਨਾਗ ਵਾਲੀ ਕਹਾਣੀ ਦੱਸੀ ਜਾ ਰਹੀ ਸੀ ਤੇ ਬਾਸ਼ਕ ਨਾਗ ਦਾ ਮੁਖ ਮੰਦਰ ਭੱਦਰਵਾਹ ਹੈਇਸ ਕਰਕੇ ਗੁਰੂ ਸਾਹਿਬ ਮਾਨਸਰ ਵਲ ਵਾਪਸ ਆ ਗਏ ਤੇ ਇਥੋ ਉਧਮ ਪੁਰ ਨੂੰ ਹੁੰਦੇ ਹੋਏ ਰਸਤੇ 'ਚ ਵੱਖ ਵੱਖ ਥਾਵਾਂ ਤੇ ਲੋਕਾਈ ਦਾ ਉਧਰ ਕਰਦੇ ਹੋਏ 150-200 ਕਿ. ਮੀ. ਦਾ ਪੈਂਡਾ ਕਰਕੇ ਭਦਰਵਾਹ ਪਹੁੰਚੇ।

○ ਲਿਖਾਰੀਆਂ ਗੁਰੂ ਸਾਹਿਬ ਦਾ ਕਿਸ਼ਤਵਾੜ ਵੀ ਜਾਣਾ ਲਿਖਿਆ ਹੈ, ਹਾਲਾਂ ਕਿਸ਼ਤਵਾੜ ਹੈ ਤਾਂ ਇਤਹਾਸਕ ਥਾਂ ਜਿਸਦਾ ਸਬੰਧ ਰਮਾਇਣ ਨਾਲ ਜਾ ਜੁੜਦਾ ਹੈ ਪਰ ਗੁਰੂ ਸਾਹਿਬ ਦੇ ਵੇਲਿਆਂ 'ਚ ਇਹ ਆਪਣੀ ਅਹਿਮੀਅਤ ਗਵਾ ਚੁੱਕਾ ਸੀ ਤੇ ਛੋਟੀ ਜਿਹੀ ਜਗੀਰ ਬਚੀ ਸੀ। ਓਦੋ ਦੇਸ ਦਾ ਮੁੱਖ ਨਗਰ ਭਦਰਵਾਹ ਹੀ ਸੀ। ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਕਿਸ਼ਤਵਾੜ ਜਾਣਾ ਲਿਖਿਆ ਹੈ।■ ਇਥੇ ਤਹਿਸੀਲਦਾਰ ਤੀਰਥ ਸਿੰਘ ਨੇ 4000 ਖਰਚ ਕੇ ਗੁਰਦੁਆਰਾ ਸਾਹਿਬ ਪਾਇਆ ਤੇ ਕੋਈ 700 ਮੇਘ ਜਾਤ ਦੇ ਲੋਕਾਂ ਨੂੰ ਸਿੱਖੀ ਦੇ ਦਾਇਰੇ ਵਿੱਚ ਲਿਆਦਾ ਸੀ। ਕਿਸ਼ਤਵਾੜ ਦੇ ਉਤਰ -ਪੂਰਬ ਵਿੱਚ ਇਲਾਕਾ ਪੱਧਰ ਪੈਦਾ ਹੈ। ਇਥੋਂ ਦੇ ਪਹਾੜੀ ਇਲਾਕੇ ਵਿੱਚ ਪਹੁੰਚ ਗੁਰੂ ਸਾਹਿਬ ਨੇ

ਪੈਰ ਸਫਾ

■ ਮਨੀ ਸਿੰਘ-512

Pahari Style of Indian Murals - by Shukh Dev Singh Charak, Anita K. Billawaria, Abhinav Publications, Delhi.

ਕੁਝ ਇਤਹਾਸਕਾਰਾਂ ਅਨੁਸਾਰ ਘੋਗੜ ਦੇਵ ਜੰਮੂ ਦਾ ਰਾਜਾ ਨਹੀ ਸੀ। ਹੋ ਸਕਦੈ ਉਹ ਭਦਰਵਾਹ, ਮਨਕੋਟ ਜਾਂ ਕਿਸਤਵਾੜ ਆਦਿ ਕਿਸੇ ਹੋਰ ਰਿਆਸਤ ਦਾ ਰਾਜਾ ਹੋਵੇ। ਪਰ ਬਹੁਤੇ ਇਤਹਾਸਕਾਰ ਘੋਗੜ ਦੇਵ ਨੂੰ ਜੰਮੂ ਦਾ ਰਾਜਾ ਹੀ ਮੰਨਦੇ ਹਨ। http://www.chiefacoins.com/Database/Countries/Jammu.htm

ਕਾਗ ਭਸੁੰਡੀ ਰਮਾਇਣ ਦੀ ਕਥਾ ਦਾ ਇੱਕ ਪਾਤਰ ਹੈ। ਜਿਵੇ ਕਿ ਪਹਿਲਾਂ ਆ ਚੁੱਕਾ ਹੈ ਕਿ ਬ੍ਰਾਹਮਣ ਲੋਕ ਆਪਣੇ ਰਾਜਿਆਂ ਨੂੰ ਧਾਰਮਿਕ ਉਪਾਧੀਆਂ ਦੇ ਰੱਖਦੇ ਸਨ ਕਿ ਰਾਜਾ ਤੂੰ ਫਲਾਣੇ ਦੇਵਤੇ ਦਾ ਅਵਤਾਰ ਹੈ ਤਾਂ ਕਿ ਪਰਜਾ ਰਾਜਾ ਦੀ ਇਜੱਤ ਕਰੇ। ਇਤਹਾਸ ਤੋਂ ਪਤਾ ਲੱਗਦਾ ਹੈ ਕਿ ਰਾਜੇ ਅਕਸਰ ਫੂਕ ਵਿੱਚ ਆ ਜਾਂਦੇ ਸਨ।

◈ ਸਰਨਾ-198

ਲੋਕਾਈ ਨੂੰ ਨਿਰੰਕਾਰ ਨਾਲ ਜੋੜਿਆ। ਇਤਹਾਸ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਲੋਕਾਂ ਨੂੰ ਕਪਾਹ ਦੀ ਖੇਤੀ ਕਰਨ ਲਈ ਵੀ ਉਤਸ਼ਾਹ ਦਿੱਤਾ। ਓਦੋਂ ਲੋਕ ਜਿਆਦਾ ਚੰਮ ਜਾਂ ਉਨੀ ਕਪੜੇ ਹੀ ਪਹਿਨਦੇ ਸਨ। ⊙

-----◆-----

## ਵੈਸ਼ਨੋ ਦੇਵੀ ਗਇਆ ਬਾਬਾ


ਪੁਜਾਰੀਓ! ਲੋਕਾਂ ਨੂੰ ਨਿਰੰਕਾਰ ਭਗਵਾਨ ਨਾਲ ਜੋੜੋ।

ਵੈਸ਼ਨੋ ਦੇਵੀ 5200 ਫੁੱਟ ਉੱਚੀਆਂ ਤ੍ਰਿੰਨ ਪਹਾੜੀ ਸਿਖਰਾਂ ਵਿੱਚ ਮੌਜੂਦ ਹੈ। ਇਥੇ ਇੱਕ ਗੁਫਾ ਹੈ ਜਿਸ ਵਿੱਚ ਕੁਦਰਤੀ ਤੌਰ ਤੇ ਪੱਥਰ ਦੀ ਬਣਤਰ ਔਰਤ ਦੀ ਛਾਤੀ ਦੀ ਨਿਆਈ ਹੈ। ਥਣਾਂ ਨੂੰ ਸ਼ਰਧਾਲੂ ਪਿੰਡੀਆਂ ਕਹਿੰਦੇ ਹਨ। ਇਸ ਕੁਦਰਤੀ ਅਸਥਾਨ ਨੂੰ ਦੂਰ ਦ੍ਰਿਸ਼ਤੀ ਵਾਲੇ ਪੰਡਤ ਸ਼੍ਰੀਧਰ ਨੇ ਕੋਈ 700 ਸਾਲ ਪਹਿਲਾਂ ਧਰਮ ਨਾਲ ਜੋੜਿਆ ਸੀ। ਜਿਵੇ ਕਿ ਅਸਾਂ ਪਹਿਲਾਂ ਵੀ ਜਿਕਰ ਕੀਤਾ ਹੈ ਕਿ ਚਾਨਕੀਆ ਨੀਤੀ ਅਨੁਸਾਰ ਬ੍ਰਾਹਮਣ ਨੂੰ ਇਹ ਅਧਿਕਾਰ ਹਾਸਲ ਹੈ ਕਿ ਉਹ ਕੋਈ ਕਹਾਣੀ ਘੜ੍ਹ ਕੇ ਲੋਕਾਂ ਨੂੰ ਮੰਦਰ ਜਾਂ ਧਾਰਮਿਕ ਅਸਥਾਨ ਨਾਲ ਜੋੜ ਸਕਦਾ ਹੈ ਜਿਸ ਕਰਕੇ ਮਾਇਆ ਇਕੱਠੀ ਹੋ ਸਕੇ। ਐਨ ਏਸੇ ਨੀਤੀ ਤਹਿਤ ਹੀ ਗੁਫਾ ਨੂੰ ਮਿਥਿਹਾਸਕ ਮਾਤਾ ਵੈਸ਼ਨੋ ਦੇਵੀ ਨਾਲ ਜੋੜ, ਸਥਾਨ ਨੂੰ ਵੀ ਸ਼ਕਤੀਪੀਠ ਐਲਾਨ ਦਿੱਤਾ ਗਿਆ।

ਵੈਸ਼ਨੋ ਦੇਵੀ ਮੰਦਰ ਜਿਵੇ ਗੁਰੂ ਸਾਹਿਬ ਪਹੁੰਚੇ ਪੁਜਾਰੀਆਂ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਸਤਿਕਾਰ ਕੀਤਾ। ✚ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਮੁਲਕ ਦੇ ਹਾਲਾਤਾਂ ਬਾਰੇ ਪੁਜਾਰੀਆਂ ਨੂੰ ਜਾਣੂ ਕਰਵਾਇਆ ਕਿ ਕਿਵੇ ਜਿੱਥੇ ਜਿੱਥੇ ਪੁਜਾਰੀ ਜਿਆਦਤੀਆਂ ਕਰ ਰਹੇ ਹਨ ਮੁਸਲਮਾਨ ਹੁਕਮਰਾਨ ਮੰਦਰ ਭੰਨ ਤੋੜ ਦਿੰਦੇ ਹਨ । ਪੁਜਾਰੀ ਵਿਰੋਧੀ ਹਾਲਾਤਾਂ ਨੂੰ ਇਥੋਂ ਦੇ ਪੰਡਤ ਪਹਿਲਾਂ ਹੀ ਭਾਂਪ ਚੁੱਕੇ ਸਨ ਅਤੇ ਨਰ ਬਲੀ ਜਿਹੀਆਂ ਮਨੁੱਖਤਾ ਵਿਰੋਧੀ ਰਸਮਾਂ ਬੰਦ ਕਰ ਦਿੱਤੀਆਂ ਸਨ। ਯਾਦ ਰਹੇ ਸਾਕਤ ਮੰਦਰਾਂ ਵਿੱਚ ਬਲੀ ਆਮ ਜਿਹੀ ਗੱਲ ਸੀ। ਬਾਦ ਵਿੱਚ ਹੌਲੀ ਹੌਲੀ ਪਸ਼ੂ ਬਲੀ ਵੀ ਬੰਦ ਕਰ ਦਿੱਤੀ ਗਈ।

ਗੁਰੂ ਸਾਹਿਬ ਨੇ ਪੁਜਾਰੀਆਂ ਨੂੰ ਸਮਝਾਇਆ ਕਿ ਮਾਇਆ ਮੋਹ ਛੱਡੋ ਤੇ ਲੋਕਾਂ ਨੂੰ ਨਿਰਾਕਾਰ ਭਗਵਾਨ ਨਾਲ ਜੋੜੋ। ਉਨਾਂ ਨਾਮ ਦੇ ਸਿਧਾਂਤ ਦਾ ਫਾਇਦਾ ਦੱਸਿਆ ਕਿ ਕਿਵੇ ਬੰਦਾ ਦੁੱਖ ਦਲਿਦ੍ਰ ਤੋਂ ਉਪਰ ਉਠ ਚੜ੍ਹਦੀ ਕਲ੍ਹਾਂ ਵਿੱਚ ਰਹਿੰਦਾ ਹੈ। ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਉਚਾਰਿਆ ਤੇ ਗਾਇਆ ◘-

ਮਾਰੂ ਮਹਲਾ ੧ ॥ ਆਪੇ ਕਰਤਾ ਪੁਰਖੁ ਬਿਧਾਤਾ ॥ ਜਿਨਿ ਆਪੇ ਆਪਿ ਉਪਾਇ ਪਛਾਤਾ ॥ ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ ॥੧॥ ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥ ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ ॥੨॥ ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥ ਹਰਿ ਗੁਣ ਗਾਵਹਿ ਰਸਨ ਰਸੇਰੇ ॥ ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ॥੩॥ ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥ ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥ ਬੂਝਹੁ ਹਰਿ ਜਨ ਸਤਿਗੁਰ ਬਾਣੀ ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥ ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥ ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥ ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥ ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥ ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥ ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥ ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥ ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥੯॥ ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥ ਜਿਨਿ ਪਾਇਆ ਸੋਈ ਬਿਧਿ ਜਾਣੈ ॥ ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ ॥੧੦॥ ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥ ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥੧੧॥ ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥ ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥ ੧੨॥ ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥ ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥ ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥ ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥ ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥ ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥



ਵੈਸ਼ਨੋ ਦੇਵੀ ਵਿਖੇ ਚੱਟਾਨ ਜਿਸ ਨੂੰ ਮਾਤਾ ਦੀ ਪਵਿਤ੍ਰ ਛਾਤੀ ਵਜੋਂ ਪੂਜਿਆ ਜਾਂਦਾ ਹੈ।

ਗੁਰੂ ਸਾਹਿਬ ਨੇ ਇਥੇ ਕੋਈ ਹਫਤਾ ਦਸ ਦਿਨ ਰਹਿ ਸਤਿਨਾਮ ਦਾ ਪ੍ਰਚਾਰ ਕੀਤਾ।

### ਧਾਗਾ-ਤਵੀਤ ਦੇਣ ਵਾਲੇ ਮੌਲਾਣਿਆਂ ਨੂੰ ਵੀ ਸਮਝਾਇਆ

ਇਥੇ ਕਟੜੇ ਦੇ ਲਾਗੇ ਹੀ ਆਉਦੇ ਜਾਂਦੇ ਸ਼ਰਧਾਲੂ ਨੂੰ ਬੇਵਕੂਫ ਬਣਾਉਣ ਵਾਸਤੇ ਮੁਸਲਮਾਨ ਮਜੌਰਾਂ ਨੇ ਵੀ ਮੈਹਦੀ ਪੀਰ ਦੀ ਇੱਕ ਥਾਂ ਬਣਾਈ ਹੋਈ ਸੀ ਜਿੱਥੇ ਲੋਕਾਂ ਨੂੰ ਧਾਗੇ ਤਵੀਤ ਕਰ ਕਰ ਕੇ ਮੂਰਖ ਬਣਾਉਦੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਵੀ ਵਰਜਿਆ ਤੇ ਉਪਦੇਸ਼ ਦਿੱਤਾ ਕਿ ਲੋਕਾਂ ਨੂੰ ਸੱਚੇ ਨਾਮ ਨਾਲ ਜੋੜੋ। ਸ਼ਰਧਾਲੂ ਦਾ ਜੀਵਨ ਆਪੇ ਚੜ੍ਹਦੀ ਕਲਾ ਵਾਲਾ ਹੋ ਜਾਉਗਾ। ਇਨਾਂ ਮਜਾਵਰਾ ਦੇ ਬਾਬਤ ਹੀ ਗੁਰੂ ਸਾਹਿਬ ਨੇ ਇਹ

ਪੈੜ ਸਫਾ

⊙ ਗਿਆਨੀ -222- ਮਾਨਸਰ ਲਾਗੇ ਵੀ ਪਿੰਗਰ ਨਾਂ ਦੀ ਜਗਾ ਹੈ। ਪਰ ਲੱਗਦਾ ਹੈ ਗਿਆਨੀ ਇਥੇ ਪਾਂਗੀ ਘਾਟੀ ਬਾਰੇ ਲਿਖ ਰਹੇ ਹਨ।

■ ਸ. ਯਾਤਰੀ- 537 (ਧਿਆਨ ਰਹੇ ਯਾਤਰੀ ਵੀ ਇਥੇ ਗਿਆਨੀ ਨੂੰ ਹੀ ਸਰੋਤ ਬਣਾ ਕੇ ਚਲ ਰਿਹਾ ਹੈ। ਦੇਖੋ ਸਫਾ 538)

○ ਪੁਰਾਣਾਂ ਤੇ ਹੋਰ ਸ਼ਾਸਤਰਾਂ ਵਿੱਚ ਕਿਸ਼ਤਵਾੜ ਰਿਆਸਤ ਜਾਂ ਦੇਸ ਨੂੰ ਕੈਕੇ ਲਿਖਿਆ ਹਿ। ਭਗਵਾਨ ਰਾਮ ਦੀ ਮਤ੍ਰੇਈ ਮਾਂ ਕੈਕਈ ਵੀ ਇਥੋਂ ਦੇ ਰਾਜੇ ਦੀ ਹੀ ਪੁੱਤਰੀ ਸੀ।

ਕਿਸਤਵਾੜ ਨਿਵਾਸੀ ਸ.ਅਤਰ ਸਿੰਘ ਅਨੁਸਾਰ ਕਿਸ਼ਤਵਾੜ ਦਾ ਗੁਰਦੁਆਰਾ ਇੱਕ ਗੁਰਸਿੱਖ ਅਫਸਰ ਸ਼ੇਰ ਸਿੰਘ ਦੇ ਯਤਨਾਂ ਕਰਕੇ ਹੀ ਬਣਿਆ ਸੀ। ਸਥਾਨਕ ਹਿੰਦੂ ਪ੍ਰਵਾਰਾਂ ਨੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਰੱਖਦੇ ਹੋਏ ਮੁਫਤ ਥਾਂ ਦਿੱਤਾ ਸੀ। ਗੁਰੂ ਸਾਹਿਬ ਦੇ ਕਿਸਤਵਾੜ ਪਧਾਰਨ ਬਾਬਤ ਕੋਈ ਪ੍ਰੰਪਰਾ ਨਹੀ ਹੈ।

ਕਈ ਵਿਦਵਾਨਾਂ ਦਾ ਇਹ ਵੀ ਕਹਿਣਾ ਹੈ ਕਿ ਗੁਰੂ ਸਾਹਿਬ ਏਥੇ ਸੂਫੀ ਫਕੀਰਾਂ ਨੂੰ ਮਿਲਣ ਆਏ ਸਨ। ਜਦੋਂ ਕਿ ਇਤਹਾਸ ਫੋਲਣ ਤੇ ਪਤਾ ਲੱਗਦਾ ਹੈ ਕਿ ਕਿਸ਼ਤਵਾੜ ਪ੍ਰਸਿਧ ਕਾਦਰੀ ਸੂਫੀ ਗੁਰੂ ਸਾਹਿਬ ਦੀ ਆਮਦ ਤੋਂ ਕਾਫੀ ਦੇਰ ਬਾਦ ਆਉਦੇ ਹਨ।

ਸਲੋਕ ਬੋਲਿਆ:-

ਸਲੋਕੁ ਮਃ ੧ ॥ ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥

ਹੁਣ ਅਸੀ ਪੁਛ ਪੜਤਾਲ ਕੀਤੀ ਹੈ ਕਟੜੇ ਦੇ ਇਲਾਕੇ ਵਿੱਚ ਅਜਿਹੀ ਕੋਈ ਮਜਾਰ ਦਾ ਪਤਾ ਨਹੀ ਲੱਗ ਪਾਇਆ। ਹੋ ਸਕਦੇ ਇਹਨਾਂ ਮਜਾਵਰਾ ਦੀਆਂ ਅਗਲੀਆਂ ਪੀੜੀਆਂ ਇਹ ਕੰਮ ਛੱਡ ਚੁੱਕੀਆਂ ਹੋਣ।

ਲਗਦਾ ਵੈਸ਼ਨੋ ਦੇਵੀ ਤੋਂ ਗੁਰੂ ਸਾਹਿਬ ਉੱਤਰ ਵਾਲੇ ਪਾਸੇ ਕਿਸ਼ਤਵਾੜ ਭਦਰਵਾਹ ਨੂੰ ਨਿਕਲ ਗਏ ਸਨ।

-----◈-----

## ਬਾਬੇ ਦੇ ਭਦਰਵਾਹ ਪਹੁੰਚਣ ਤੇ ਇਲਾਕਾ ਉਲਟ ਕੇ ਪੈ ਗਇਆ ਦਰਸ਼ਨਾਂ ਨੂੰ। ਰਾਤੀਂ ਬਾਸ਼ਕ ਨਾਗ ਮੰਦਰ ਵਿੱਚ ਕੀਰਤਨ ਕੀਤਾ

ਦੁਰਗਮ ਪਹਾੜੀ ਸਫਰ ਕਰਕੇ ਗੁਰੂ ਸਾਹਿਬ 'ਸੱਪਾਂ ਦੀ ਘਾਟੀ' ਜਾਂ ਨਾਗ-ਭੂਮੀ ਭਦਰਵਾਹ ਪਹੁੰਚੇ। ਰਸਤੇ ਵਿਚ ਥੈਲਾਨੀ ਠਠਰੀ ਵੀ ਗੁਰੂ ਸਾਹਿਬ ਦੇ ਪਧਾਰਨ ਦੀ ਗਲ ਚਲਦੀ ਹੈ ਪਰ ਇਹ ਸਾਰੀ ਅਬਾਦੀ ਮੁਸਲਮਾਨ ਹੋ ਚੁੱਕੀ ਹੈ ਜਿਸ ਕਰਕੇ ਕੋਈ ਸਬੂਤ ਨਹੀ ਬਚਿਆ।

ਭੱਦਰਵਾਹ ਬਹੁਤ ਹੀ ਮਹੱਤਵਪੂਰਨ ਤੀਰਥ ਸਥਾਨ ਹੈ ਜਿੱਥੇ ਨਾਗ ਦੇਵਤਾ ਦੇ ਮਨੁੱਖੀ ਸਰੂਪ ਬਾਸਕ ਨਾਗ ਦੀ 11 ਵੀ ਸਦੀ ਈਸਵੀ ਦੀ ਬਣੀ ਬਹੁਤ ਹੀ ਖੂਬਸੂਰਤ ਮੂਰਤੀ ਹੈ। ਇਸ ਮੰਦਰ ਨੂੰ ਵਿਸੂਕੀ ਨਾਗ ਮੰਦਰ ਆਖਿਆ ਜਾਂਦਾ ਹੈ। ਵਿਸੂਕੀ ਨਾਗ ਦੇ ਨਾਲ ਭਾਵ ਬਰਾਬਰ ਤੇ ਹੀ ਰਾਜਾ ਜਮੂਤੀ ਵਾਹਣ ਦੀ ਮੂਰਤੀ ਹੈ। ਜਮੂਤੀ ਵਾਹਣ ਵਿਦਿਆਧਰ ਕਬੀਲੇ ਦਾ ਰਾਜਾ ਸੀ। ਉਹਦਾ ਇਸ ਸਾਰੀ (ਦੇਵਖੱਟਰ ਘਾਟੀ) ਵਿੱਚ ਰਾਜ ਸੀ। ਵਸੂਕੀ ਨਾਗ ਦੇ ਨਾਲ ਰਾਜਾ ਜਮੂਤੀ ਵਾਹਣ ਦੀ ਮੂਰਤੀ ਤੇ ਇੱਕ ਤੀਸਰੀ ਮੂਰਤੀ ਪਿੱਛੇ ਜਮੂਤੀ ਵਾਹਣ ਦੇ ਪਿਤਾ ਰਾਜਾ ਕੱਟੂ ਦੀ ਹੈ।

ਕਸ਼ਮੀਰ ਦੇ ਬਚੇ ਹੋਏ ਮੰਦਰਾਂ ਵਿਚੋਂ ਇਹ ਕਸ਼ਮੀਰੀ ਕਲਾਕਾਰੀ ਦਾ ਅਦਭੁੱਤ ਨਮੂਨਾ ਹੈ। ਇਸ ਬਾਬਤ ਲੰਮੀ ਚੌੜੀ ਦੰਦ ਕਥਾ ਵੀ ਸੁਣਾਈ ਜਾਂਦੀ ਹੈ।

1960 ਵੇ ਦਹਾਕੇ ਵਿੱਚ ਯੂ ਪੀ ਸਰਕਾਰ ਨੇ ਇੱਕ ਕਿਤਾਬ ਛਾਪੀ ਜਿਸ ਵਿੱਚ ਇਹ ਦੱਸਿਆ ਗਇਆ ਹੈ ਕਿ ਪੁਰਾਣੇ ਜਮਾਨੇ ਵਿੱਚ ਰਾਜੇ, ਬ੍ਰਾਹਮਣਾਂ ਰਾਂਹੀ, ਆਪਣੀ ਖੁੱਦ ਦੀ ਪੂਜਾ ਵੀ ਕਰਵਾਉਦੇ ਸਨ।● ਅਜਿਹਾ ਹੋਣ ਤੇ ਰਾਜੇ ਵਾਸਤੇ ਰਾਜ ਕਰਨਾਂ ਸੌਖਾ ਹੋ ਜਾਂਦਾ ਸੀ। ਸੋ ਭੱਦਰਵਾਹ ਵਿਖੇ ਇਸ ਦੀ ਜੀਂਦੀ ਜਾਗਦੀ ਮਿਸਾਲ ਆਪਾਂ ਨੂੰ ਮਿਲਦੀ ਹੈ। ਗੁਰਬਾਣੀ ਨੇ ਵੀ ਇਸ ਗੱਲ ਦੀ ਤਸਦੀਕ ਕੀਤੀ ਹੈ:-

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥ (ਮ. ੩, ਅੰਗ-੪੨੩)

ਨਾਲੇ ਦੇ ਐਨ ਕਿਨਾਰੇ ਤੇ ਹੀ ਫਿਰ ਸ਼ਿਵ ਮੰਦਰ (ਗੁਪਤ ਗੰਗਾ) ਹੈ ਜੋ ਜੋਗੀਆਂ ਤੇ ਸਿੱਧਾ ਦਾ ਮੱਠ ਸੀ। ਸਿੱਧ ਜੋਗੀਆਂ ਤੇ ਬੁੱਧਮਤ ਤੋਂ ਪਹਿਲਾਂ ਇਥੇ ਸਾਕਤ ਮੱਤ ਤੇ ਨਾਗ- ਪੂਜਾ ਪ੍ਰਧਾਨ ਰਹੀ ਹੈ। ਅੱਜ ਵੀ ਅਜਿਹੇ ਕਿੰਨੇ ਹੀ ਮੰਦਰ ਹਨ: ਚੰਡੀ ਮਾਤਾ ਮੰਦਿਰ, ਥੁਬੂ ਨਾਗ ਮੰਦਰ, ਨਾਗਣੀ ਮਾਤਾ ਮੰਦਰ, ਅਲਾਲਬਾਣੀ ਮੰਦਰ, ਸੁਬਰ ਨਾਗ ਮੰਦਰ, ਸੀਤਲਾ ਮਾਤਾ ਮੰਦਰ।

ਇਲਾਕੇ ਦਾ ਮੁੱਖ ਮੰਦਰ ਵਸੁਕੀ ਨਾਗ ਮੰਦਰ ਹੀ ਸੀ। ਗੁਰੂ ਸਾਹਿਬ ਦਾ ਇਸ ਮੰਦਰ ਵਿੱਚ ਆਉਣ ਤੇ ਸਵਾਗਤ ਹੋਇਆ। ਇੱਕ ਸ਼ਾਮ ਨੂੰ ਵੱਡਾ ਜਲਸਾ ਹੋਇਆ ਜਿਸ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਦੀ ਰਬਾਬ ਤੇ ਕੀਰਤਨ ਕੀਤਾ।⊙ ਗੁਰੂ ਸਾਹਿਬ ਨੇ ਦੁਹਾਈ ਦਿੱਤੀ ਕਿ ਲੋਕੋ ਕਿਰਤਾਂ ਦੀ ਪੂਜਾ ਛੱਡ ਕੇ ਕਰਤੇ ਦੇ ਲੜ ਲੱਗੋ।



1100 ਸਾਲ ਪੁਰਾਣਾ ਵਸੂਕੀ ਨਾਗ ਮੰਦਰ ਅੰਦਰ ਮੌਜੂਦ ਰਾਜਿਆਂ ਦੀਆਂ ਵੱਡੀਆਂ ਵੱਡੀਆਂ ਮੂਰਤੀਆਂ। ਭਦਰਵਾਹ ਕਿਸੇ ਤਰਾਂ ਮੁਸਲਮਾਨ ਬੁੱਤ ਸਿਕਨ ਰਾਜਿਆਂ ਦੀ ਪਹੁੰਚ ਤੋਂ ਦੂਰ ਰਹਿਆ ਹੈ। ਅੱਧੀ ਸਦੀ ਪਹਿਲਾਂ ਤਕ ਇਥੇ ਸਿਰਫ ਖੱਚਰਾਂ ਰਾਂਹੀ ਹੀ ਪਹੁੰਚਿਆ ਜਾਂਦਾ ਸੀ। (ਤਸਵੀਰ: ਖੁਦ ਲਿਖਾਰੀ ਨੇ ਖਿੱਚੀ)

ਜਿਥੇ ਗੁਰੂ ਸਾਹਿਬ ਨੇ ਡੇਰਾ ਕੀਤਾ ਉਹ ਥਾਂ ਸਿੱਧਾਂ ਦੀ ਬਗੀਚੀ ਕਹਾਉਦੀ ਸੀ। ਪਰ ਮਹਿਕਮਾ ਮਾਲ ਦੇ ਰਿਕਾਰਡ ਮੁਤਾਬਿਕ ਇਹ ਨਾਨਕ ਬਗੀਚੀ ਸੀ ਜਿਸ ਦਾ ਰਕਬਾ 2 ਕਨਾਲ 10 ਮਰਲੇ ਹੈ। ਲਗਦੈ ਇਥੇ ਵੀ ਗੁਰੂ ਸਾਹਿਬ ਵੇਲੇ ਕੋਈ ਜੋਗੀ ਮੱਠ ਹੋਵੇਗਾ ਜੋ ਬਾਦ ਵਿਚ ਸਿੱਖੀ ਵਿਚ ਸਾਰਾ ਆ ਗਇਆ। ਸਿੱਖ ਰਾਜ ਦੇ ਪਤਨ ਉਪਰੰਤ ਅਤੇ ਸਿੱਖ ਅਬਾਦੀ ਦੀ ਅਣਹੋਂਦ ਕਾਰਨ, ਇੱਥੇ ਸੰਨ 1900 ਈ. ਵਿੱਚ ਮੁਸਲਮਾਨਾਂ ਨੇ ਕਬਜਾ ਕਰ ਲਇਆ ਅਤੇ ਇਥੇ ਫਿਰ ਜਾਮਾ ਮਸੀਤ ਬਣ ਗਈ। ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਸੰਨ 1928 ਵਿਚ ਜਦੋਂ ਸ਼ਹਿਰ ਹੜ੍ਹ ਨਾਲ ਤਬਾਹ ਹੋਇਆ ਸੀ ਉਦੋਂ ਹੀ ਮੁਸਲਮਾਨਾਂ ਨੇ ਇਥੇ ਨਮਾਜ ਪੜ੍ਹਨੀ ਸ਼ੁਰੂ ਕੀਤੀ ਹੋਵੇ ਅਤੇ ਬਾਦ ਵਿਚ ਮਸੀਤ ਹੀ ਬਣਾ

ਪੈੜ ਸੂਹਾ

ਵੈਸ਼ਨੋ ਦੇਵੀ- ਸਰਨਾ 197, ਗਿਆਨੀ 223, ◘ ਗਿਆਨੀ 223,

✚ ਗੁਰੂ ਸਾਹਿਬ ਦੇ ਪ੍ਰਚਾਰ ਦਾ ਢੰਗ ਕੁਝ ਅਜਿਹਾ ਸੀ ਕਿ ਲਗ ਪਗ ਹਰ ਥਾਂ ਸਾਹਿਬ ਦਾ ਸਤਿਕਾਰ ਕੀਤਾ ਜਾਂਦਾ ਸੀ। ਕਈ ਥਾਂਈ ਆਰਤੀ ਵੀ ਉਤਾਰੀ ਗਈ ਸੀ। ਸਿਰਫ ਮੰਦਰਾਂ ਵਿਚ ਹੀ ਨਹੀ ਮੁਸਲਿਮ ਅਸਥਾਨਾਂ ਤੇ ਵੀ ਗੁਰੂ ਸਾਹਿਬ ਨੂੰ ਆਦਰ ਦਿੱਤਾ ਜਾਂਦਾ ਸੀ। ਸਾਹਿਬ ਦੀ ਧੁੰਮ ਤਾਂ 1510 ਦੇ ਨੇੜੇ ਤੇੜੇ ਹੀ ਪੂਰੇ ਹਿੰਦੁਸਤਾਨ ਵਿਚ ਪੈ ਚੁੱਕੀ ਸੀ। ਜਿਵੇ ਪਿੱਛੇ ਦੱਸਿਆ ਹੈ ਕਿ ਓਹਨਾਂ ਜਮਾਨਿਆਂ ਵਿਚ ਚਕ੍ਰਵਰਤੀ ਸਾਧੂ ਹੀ ਰੇਡੀਓ ਅਤੇ ਅਖਬਾਰ ਹੁੰਦੇ ਸਨ ਅਤੇ ਇਹਨਾਂ ਸਾਧੂਆ ਨੇ ਗੁਰੂ ਸਾਹਿਬ ਦਾ ਪ੍ਰਚਾਰ ਚੁਫੇਰੇ ਕਰ ਦਿੱਤਾ ਸੀ।

ਲਈ।

ਇਹ ਪੜ੍ਹ ਗੁਰੂ ਸਿੱਖ ਤਲਖੀ ਵਿਚ ਨਾਂ ਆਉਣ ਕਿਉਂਕਿ ਜਦੋਂ ਓਥੇ ਸਿੱਖ ਹੀ ਨਾਂ ਰਹੇ ਤਾਂ ਫਿਰ ਖਾਲੀ ਥਾਂ ਤੇ ਕਿਸੇ ਨੇ ਕਬਜਾ ਤਾਂ ਕਰਨਾਂ ਹੀ ਸੀ। ਨਾਲੇ ਇਸ ਤੋਂ ਚੰਗੀ ਗਲ ਕੀ ਹੋ ਸਕਦੀ ਹੈ ਕਿ ਜੋ ਮਸੀਤ ਬਣੀ ਉਸ ਵਿਚ ਵੀ ਤਾਂ ਰੱਬ ਦਾ ਨਾਂ ਹੀ ਲਿਆ ਜਾ ਰਿਹਾ ਹੈ। ਗੁਰੂ ਸਾਹਿਬ ਸਾਹਿਬ ਸਭ ਦੇ ਸਾਂਝੇ ਹਨ।

ਬਾਦ ਵਿਚ ਸਿੱਖਾਂ ਨੇ ਗੁਰੂ ਨਾਨਕ ਦਾ ਯਾਦਗਾਰੀ ਗੁਰਦੁਆਰਾ ਕਚਿਹਰੀਆਂ ਦੇ ਲਾਗੇ ਬਣਾ ਲਿਆ ਸੀ ਇਸ ਨੂੰ 1947 ਦੇ ਫਸਾਦਾਂ ਵੇਲੇ ਨੁਕਸਾਨ ਪਹੁੰਚਿਆ ਸੀ। ਗੁਰਦੁਆਰੇ ਦੇ ਗ੍ਰੰਥੀਆਂ ਜਾਂ ਪ੍ਰਬੰਧਕਾਂ ਨੇ ਫਿਰ ਇਸ ਗੁਰਦੁਆਰੇ ਦੀ ਜਮੀਨ ਵੇਚ ਦਿੱਤੀ। ✚ ਜਿੱਥੇ ਅਜਕਲ ਲੋਕਾਂ ਦੇ ਘਰ ਹਨ। ਇਹ ਸਥਾਨ ਸ਼ਹਿਰ ਦੇ ਕੇਂਦਰੀ ਭਾਗ ਭਾਵ ਮਹਿੰਗੇ ਇਲਾਕੇ ਸੀਰੀ ਬਜਾਰ ਦੇ ਨੇੜੇ ਹੈ। ◘

ਇਹ ਸਾਰਾ ਕੁਝ ਦੱਸਣ ਤੋਂ ਸਾਡਾ ਮਤਲਬ ਹੈ ਕਿ ਗਿਆਨੀ ਠੀਕ ਲਿਖਦੇ ਹਨ ਕਿ ਗੁਰੂ ਸਾਹਿਬ ਭਦਰਵਾਹ ਪਧਾਰੇ ਸਨ ਪਰ ਜਾਲਮ ਵਕਤ ਨੇ ਯਾਦਗਾਰੀ ਅਸਥਾਨ ਮਿਟਾ ਦਿੱਤਾ।

ਰਸਤੇ ਵਿੱਚ ਭਦਰਵਾਹ ਤੋਂ ਪੱਛਮ ਵਲ ਇੱਕ ਥਾਂ ਬਾੜੀ ਮਰਮਤ ਪੈਂਦੀ ਹੈ ਜਿੱਥੇ ਅੱਜ ਵੀ ਇੱਕ ਸਿਲ ਮੌਜੂਦ ਹੈ ਜਿਸਨੂੰ ਗੁਰੂ ਸਾਹਿਬ ਦੇ ਨਾਂ ਤੇ 'ਨਾਨਕ ਪਿਲ' ਨਾਂ ਦਿੱਤਾ ਹੋਇਆ ਹੈ। ਇਸ ਕਬਾਇਲੀ ਦੁਰਗਮ ਇਲਾਕੇ ਵਿੱਚ ਮੇਘ ਜਾਤ ਦੇ ਲੋਕ ਅੱਜ ਵੀ ਗੁਰੂ ਦੇ ਦਿੱਤੇ ਮੰਤਰ ਦਾ ਜਾਪ ਕਰਦੇ ਹਨ। ਹਾਲਾਂ ਇਨਾਂ ਦਾ ਮੂਲ ਮੰਤਰ ਥੋੜਾ ਜਿਹਾ ਵੱਖਰਾ ਹੈ। ਓਸੇ ਤਰਾਂ ਗੁਰਮਤ ਅਨੁਸਾਰ ਖਲੋ ਕੇ ਅਰਦਾਸ ਵੀ ਕਰਦੇ ਹਨ ਤੇ ਵਾਹਿਗੁਰੂ ਸ਼ਬਦ ਦਾ ਜਾਪ ਵੀ ਕਰਦੇ ਹਨ। ⦿

ਭਦਰਵਾਹੇ ਤੋਂ ਗੁਰੂ ਸਾਹਿਬ ਚੰਬੇ ਵਲ ਨਿਕਲੇ।

ਭੱਦਰਵਾਹ ਤੋਂ ਚੰਬਾ 140 ਕਿ. ਮੀ. ਦਾ ਪਹਾੜੀ ਸਫਰ ਹੈ। ਰਸਤੇ ਵਿੱਚ 14000 ਫੁੱਟ ਉਚੇ ਪਹਾੜ ਕੈਲਾਸ਼- ਦੂਜਾ (ਕੈਲਾਸ਼ ਕੁੰਡ ਜਾਂ ਕਬਲਾਸ) ਦੇ ਲਾਗੋਂ ਨਿਕਲਣਾ ਪੈਂਦਾ ਹੈ। ਭਦਰਵਾਹ ਤੋਂ ਹਰ ਸਾਲ ਭਾਦਰੋਂ ਦੇ ਮਹੀਨੇ ਕੈਲਾਸ਼ ਵਲ ਯਾਤਰਾ ਵੀ ਨਿਕਲਦੀ ਹੈ। ਹੋ ਸਕਦੈ ਗੁਰੂ ਸਾਹਿਬ ਇਨਾਂ ਯਾਤਰੀ ਨਾਲ ਹੀ ਹੋ ਤੁਰੇ ਹੋਣ।

-----◈-----

## ਚੰਬੇ ਦੇ ਰਾਜੇ ਨੂੰ ਉਪਦੇਸ਼

ਇਤਹਾਸ ਅਨੁਸਾਰ ਗੁਰੂ ਸਾਹਿਬ ਦੀ ਫੇਰੀ ਮੌਕੇ ਚੰਬੇ ਦਾ ਰਾਜਾ ਗਣੇਸ਼ ਵਰਮਨ ਸੀ। ਹਿਮਾਚਲ ਦੇ ਪਹਾੜੀ ਲੋਕ ਗੱਲੇ ਕੱਥੇ ਪਾਂਡਵਾਂ ਨੂੰ ਯਾਦ ਕਰਦੇ ਰਹਿੰਦੇ ਹਨ। ਹਿਮਾਚਲ ਦੇ ਜਿੰਨੇ ਵੀ ਇਤਹਾਸਿਕ ਸਥਾਨ ਹਨ ਕਿਸੇ ਨਾਂ ਕਿਸੇ ਤਰਾਂ ਓਨਾਂ ਨਾਲ ਪਾਂਡਵਾਂ ਦੀ ਕੋਈ ਨਾਂ ਕੋਈ ਕਥਾ ਜੋੜੀ ਮਿਲਦੀ ਹੈ। ਚੰਬੇ ਦੇ ਇਲਾਕੇ ਵਿੱਚ ਫਿਰ ਓਨੀ ਦਿਨੀ ਨਾਗ ਦੀ ਪੂਜਾ ਤੇ ਸ਼ਿਵ ਜੀ ਪਾਰਬਤੀ ਤੇ ਦੁਰਗਾ ਦੀਆਂ ਕਥਾਵਾਂ ਦੱਸਣ ਤੇ ਜੋਰ ਸੀ। ਗੁਰੂ ਸਾਹਿਬ ਨੇ ਇਥੇ ਲੋਕਾਂ ਨੂੰ ਸਮਝਾਇਆ ਕਿ ਜੁਗਾਂ ਜੁਗਾਂ ਦੇ ਰਾਜਿਆਂ ਰਾਣੀਆਂ ਨੂੰ ਪੂਜਣਾ ਮਨਮਤ ਹੈ ਤੇ ਗੁਰੂ ਸਾਹਿਬ ਨੇ ਇੱਕ ਓਕੰਰ ਸਤਿਨਾਮ ਦਾ ਸਿਧਾਂਤ ਲੋਕਾਈ ਨੂੰ ਸਮਝਾਇਆ। ਉਹ ਅਕਾਲ ਪੁਰਖ ਜੋ ਸਾਰੀ ਸ੍ਰਿਸਟੀ ਦਾ ਕਰਤਾ ਹੈ। ਸਾਹਿਬ ਨੇ ਕਿਹਾ ਕਿਰਤਾਂ ਦੀ ਪੂਜਾ ਦੀ ਬਿਜਾਏ ਕਰਤੇ ਦੀ ਅਰਾਧਨਾ ਕਰੋ।

ਇਥੋਂ ਦੇ ਪੁਜਾਰੀ ਬਾਰ ਬਾਰ ਜੋਗੀ ਚਰਪਟ ਨਾਥ ਦਾ ਲੈ ਕੇ ਉਸੇ ਦੀਆਂ ਹੀ ਵਡਿਆਈਆ ਜਦੋਂ ਕਰੀ ਜਾ ਰਹੇ ਸਨ ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਉਸਤਤ ਕਰੋ ਉਸ ਦੀ ਜੋ ਨਾਥਾਂ ਦਾ ਵੀ ਨਾਥ ਹੈ:-



ਭਾਈ ਕਰਤਾਰ ਸਿੰਘ ਸਿੰਘ ਦਾ ਗੁਰਦੁਆਰਾ ਭਦਰਵਾਹ

ਗੂਜਰੀ ਮਹਲਾ ੧ ॥ ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ ॥੧॥ ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥ ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥ ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥੨॥ ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥ ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ

ਪੈੜ ਸਫ਼ਾ

● ਵੇਦ ਕਾਲੀਨ ਰਾਜ ਵਿਵਸਥਾ- ਡਾ. ਸ਼ਿਆਲ ਲਾਲ ਪਾਂਡੇ, ਪ੍ਰਕਾਸ਼ਕ: ਉਤਰ ਪ੍ਰਦੇਸ ਸੂਚਨਾ ਵਿਭਾਗ (ਪੰਨਾ-34)

⦿ਇਸ ਲਿਖਾਰੀ ਨੇ ਖੁਦ 30 ਮਈ 2018 ਨੂੰ ਭਦਰਵਾਹ ਜਾ ਕੇ ਸਾਰੀ ਪੁੱਛ ਪੜਤਾਲ ਕੀਤੀ ਹੈ। ਮਸ਼ਹੂਰ ਵਸੂਕੀ ਨਾਗ ਮੰਦਰ ਦੇ ਸਾਬਕਾ ਪੁਜਾਰੀ ਤੇਜ ਰਾਮ ਵਲਦ ਦੇਵੀ ਸਰਨ ਜਿੰਨਾਂ ਦੀ ਉਮਰ ਸੌ ਸਾਲ ਤੋਂ ਉਤੇ ਹੈ ਨੇ ਦੱਸਿਆ ਕਿ ਇਹ ਗੱਲ ਉਸ ਨੇ ਬਜੁਰਗਾਂ ਕੋਲੋ ਸੁਣੀ ਹੈ।


ਗੁਰਦੁਆਰਾ ਕੋਸ਼: ਜਸਬੀਰ ਸਿੰਘ ਸਰਨਾ - 120, ਨੇ ਕਿਸ਼ਤਵਾੜ ਤੇ ਭਦਰਵਾਹ ਨੂੰ ਰਲਗੱਡ ਕਰ ਦਿੱਤਾ ਹੈ। ਸਿਧੋਂ ਕੀ ਬਗੀਚੀ ਭਦਰਵਾਹ ਸੀ, ਨਾਂ ਕਿ ਕਿਸ਼ਤਵਾੜ।

◘ ਭਾਈ ਕਰਤਾਰ ਸਿੰਘ ਦੀ ਇੰਟਰਵਿਊ ਜਿਨ੍ਹਾਂ ਨੇ ਆਪਣੇ ਘਰ ਵਿੱਚ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ। ਇਨਾਂ ਦਾ ਕਹਿਣਾ ਹੈ ਕਿ ਕਚਿਹਰੀ ਲਾਗੇ ਜਿਹੜਾ ਗੁਰਧਾਮ ਸੀ ਉਹ ਇਤਹਾਸਿਕ ਨਹੀ ਸੀ ਤੇ 1935 ਵਿੱਚ ਬਣਾਇਆ ਗਇਆ ਸੀ। ਇਹ ਮੁਸਲਿਮ ਬਹੁ ਸੰਖਿਅਕ ਇਲਾਕੇ ਵਿੱਚ ਸੀ ਇਸ ਕਰਕੇ ਜਗਾ ਦਾ ਤਬਾਦਲਾ ਕੀਤਾ ਗਇਆ ਸੀ। ਪਰ ਕਰਤਾਰ ਸਿੰਘ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਕਰਤਾਰ ਸਿੰਘ ਨੇ ਕਚਿਹਰੀ ਗੁਰਦੁਆਰਾ ਵੇਚ ਕੇ ਨਵੀ ਥਾਂ ਆਪਣੇ ਨਿੱਜੀ ਨਾਂ ਤੇ ਲਈ ਹੋਈ ਹੈ।

ਸੰਨ 1928 ਵਿੱਚ ਭਦਰਵਾਹ ਤੇ ਵੱਡੀ ਮੁਸੀਬਤ ਆਈ ਸੀ ਜਦੋਂ ਬਰਸਾਤ ਮੌਕੇ ਪਹਾੜ ਖਿਸਕਣ ਕਰਕੇ ਘਾਟੀ ਦਾ ਸਾਰਾ ਇਲਾਕਾ ਪਾਣੀ ਵਿੱਚ ਡੁੱਬ ਗਇਆ ਸੀ। ਲੋਕਾਂ ਜਿੱਥੇ ਵੀ ਸਿਰ ਲੁਕਾਉਣ ਨੂੰ ਥਾਂ ਮਿਲੀ ਓਥੇ ਆਸਰਾ ਲਿਆ। ਕਚਿਹਰੀ ਰੋਡ ਵਾਲਾ ਗੁਰਦੁਆਰਾ ਉੱਚੀ ਥਾਂ ਤੇ ਸੀ। ਸ਼ਾਇਦ ਇਹ ਕਚਿਹਰੀ ਰੋਡ ਤੇ ਜੋ ਗੁਰਦੁਆਰਾ ਸੀ ਏਸੇ ਦਾ ਹੀ ਜਿਕਰ 'ਸਾਈਕਲ ਯਾਤਰੀ- 536 ਨੇ ਕੀਤਾ ਹੈ ਕਿ ਇੱਕ ਸਰਕਾਰੀ ਅਫਸਰ ਅਮੀਰ ਸਿੰਘ ਨੇ ਗੁਰਦੁਆਰਾ ਪਾਇਆ ਹੀ ਸੀ ਕਿ ਛੇਤੀ ਹੀ ਇਹ ਘਟਨਾ ਘਟ ਗਈ।

✚ ਹੋਟਲ ਸੂਰੀਆ ਦੇ ਮਾਲਕ 95 ਸਾਲਾ ਦਿਆਨੰਦ ਜੁਤਸ਼ੀ ਨਾਲ ਗੱਲਬਾਤ।

ਭਦਰਵਾਹ ਵਿੱਚ ਵੀ ਕਈ ਹਿੰਦੂ ਪ੍ਰਵਾਰ ਗੁਰੂਘਰ ਦੇ ਸ਼ਰਧਾਲੂ ਸਨ। ਪਰ ਪੰਜਾਬੀ ਸੂਬਾ ਤੇ ਬਾਦ ਦੇ ਖਾਲਿਸਤਾਨੀ ਅੰਦੋਲਨ ਮੌਕੇ ਭਾਰਤੀ ਮੀਡੀਏ ਦੇ ਸਿੱਖਾਂ ਖਿਲਾਫ ਕੀਤੇ ਪ੍ਰਚਾਰ ਕਰਕੇ ਹੌਲੀ ਹੌਲੀ ਹਿੰਦੂ ਪ੍ਰਵਾਰ ਸਿੱਖੀ ਤੋਂ ਪਰੇ ਹੋ ਗਏ।



ਵਸੂਕੀ ਨਾਗ ਮੰਦਰ ਦੇ ਸਾਬਕਾ ਪੁਜਾਰੀ ਤੇਜ ਰਾਮ ਦੱਸ ਰਹੇ ਨੇ ਕਿ ਬਜੁਰਗ ਦੱਸਦੇ ਆਏ ਨੇ ਕਿ ਗੁਰੂ ਨਾਨਕ ਨੇ ਸਾਡੇ ਮੰਦਰ ਵਿਚ ਕੀਰਤਨ ਕੀਤਾ ਸੀ।




ਭਦਰਵਾਹ ਦੇ ਬਾੜੀ ਮਰਮਤ ਪਿੰਡ ਵਿਖੇ ਇਕ 1. ਸਿਲ ਤੇ ਗੁਰੂ ਸਾਹਿਬ ਦੀ ਤਸਵੀਰ (2) ਦੇ ਨਾਲ ਨਾਲ ਚਰਨ ਪਾਦੁਕਾ (3) ਬਣੀ ਹੋਈ ਹੈ। ਸਥਾਨਕ ਮੇਘ ਗੁਰਸਿੱਖ (4) ਇਸ ਬਾਰੇ ਚਾਨਣਾ ਪਾ ਰਹੇ ਨੇ। ਤਸਵੀਰਾਂ ਭੇਜੀਆਂ ਵੀਰ ਦੌਲਤ ਸਿੰਘ (5) ਨੇ।

ਚੜੈ ਸਵਾਈ ॥੩॥ ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥ ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ ॥੪॥ ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ ॥ ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥੫॥ ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥੬॥ ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ ॥ ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥ ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥ ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥

ਗੁਰੂ ਸਾਹਿਬ ਦੀ ਧੁੰਮ ਸਾਰੇ ਇਲਾਕੇ ਵਿੱਚ ਪੈ ਗਈ ਸੀ। ਫਿਰ ਇੱਕ ਦਿਨ ਚੰਬੇ ਦੀ ਰਾਣੀ ਵੀ ਸਖੀ ਸਹੇਲੀਆਂ ਗੋਲੀਆਂ ਸਮੇਤ ਆ ਗੁਰੂ ਜੀ ਦੀ ਚਰਨੀ ਲੱਗੀ। ਬੜੀਆਂ ਗੱਲਾਂ ਬਾਤਾਂ ਪੁੱਛੀਆਂ ਸਵਾਲ ਜਵਾਬ ਕੀਤੇ। ਗੁਰੂ ਸਾਹਿਬ ਦੇ ਨਿੱਜੀ ਜੀਵਨ ਬਾਰੇ ਵੀ ਸਵਾਲ ਕੀਤੇ। ਤੁਸੀ ਕਿਹਦੇ ਆਸਰੇ ਇਕੱਲੇ ਜੰਗਲਾਂ ਪਹਾੜਾਂ ਵਿੱਚ ਫਿਰ ਰਹੇ ਹੋ? ਕੀ ਤੁਸੀ ਰੱਬ ਨੂੰ ਮਿਲੇ ਹੋ? ਓਥੇ ਫਿਰ ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਬਸੰਤ ਰਾਗ ਵਿੱਚ ਸ਼ਬਦ ਉੱਚੀ ਸੁਰ ਵਿੱਚ ਗਾਇਆ■:-

ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥ ਓਹੁ ਅਲਖੁ ਨ ਲਖੀਐ ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥ ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥ ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥ ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥ ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥ ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥ ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥

ਸਮਝਾਇਆ ਕਿ ਨਿਰੰਕਾਰ ਗਿਆਨ ਵਿੱਚ ਹੈ। ਪੂਰੇ ਗੁਰੂ ਦਾ ਸੰਗ ਹੋਵੇ ਤਾਂ ਉਨੂੰ ਅੰਗ ਸੰਗ ਮਹਿਸੂਸ ਕਰੀਦਾ ਹੈ।

-----◆-----

## ਸਾਧੂ ਕਿਹੋ ਜਿਹਾ ਹੋਵੇ- ਚਰਪਟ ਵਣੀ ਵਿਖੇ ਬਾਬਾ

ਚੰਬੇ ਤੋਂ ਗੁਰੂ ਸਾਹਿਬ ਨੇ ਹੇਠਾਂ ਮੈਦਾਨ ਵਲ ਨੂੰ ਚਲੇ ਅਤੇ 115 ਕਿ.ਮੀ. ਦਾ ਸਫਰ ਕਰਕੇ ਪ੍ਰਸਿੱਧ ਸਿੱਧ ਜੋਗੀ ਚਰਪੱਟ ਨਾਥ ਦੇ ਟਿਕਾਣੇ ਚਰਪੱਟ ਵਣੀ ਪਹੁੰਚੇ। ਚਰਪੱਟ ਵਣੀ ਅੱਜ ਦੇ ਪਿੰਡ ਕਟਾਰੂ ਚੱਕ ਵਿੱਚ ਪੈਂਦੀ ਹੈ। ਇਹ ਝਾਖੋਲਾੜੀ ਤੋਂ 3 ਕਿ.ਮੀ ਪੂਰਬ, ਪਠਾਨਕੋਟ ਤੋਂ 12 ਕਿ. ਮੀ ਥੱਲੇ, ਦੀਨਾ ਨਗਰ ਤੋਂ 15 ਕਿ.ਮੀ ਉੱਤਰ-ਪੂਰਬ, ਨਹਿਰ ਦੇ ਕੰਢੇ ਤੇ ਬਗੀਚੀ ਹੈ।(ਨਕਸ਼ਾ ਸੂਚਕ :32.204429,75.572928) ਅੱਜ ਇਥੇ ਛੋਟਾ ਜਿਹਾ ਜੰਗਲ (ਬਗੀਚੀ) ਸ਼ਿਵ ਮੰਦਰ, ਧੂਣੀ ਤੇ ਤਿੰਨ ਪਾਣੀ ਦੇ ਚਸ਼ਮੇ ਹਨ। ਸ਼ਰਧਾਲੂਆ ਦਾ ਕਹਿਣਾ ਹੈ ਕਿ ਚਸ਼ਮੇ ਸਿੱਧ ਜੋਗੀ ਚਰਪੱਟ ਨਾਥ ਨੇ ਚਾਲੂ ਕੀਤੇ ਸਨ। ਬਗੀਚੀ ਵਿੱਚ ਸੱਪ ਵੀ ਪਾਏ ਜਾਂਦੇ ਹਨ।

ਪੈੜ ਸਫ਼ਾ
ਸਾਈਕਲ ਯਾਤਰੀ - 537 ਨੇ ਵੀ ਗੁਰੂ ਸਾਹਿਬ ਦਾ ਭਦਰਵਾਹ ਜਾ ਕੇ ਸਿੱਧਾਂ ਦੀ ਬਗੀਚੀ ਵਿੱਚ ਰੁਕਣਾ ਲਿਖਿਆ ਹੈ।

ਇਹ ਸਥਾਨ ਦੋਵਾਂ ਦਰਿਆਵਾ ਦੇ ਵਿੱਚ ਮੌਜੂਦ ਹੈ। ਬਿਆਸ ਦਰਿਆ ਤੋਂ 5 ਕਿ.ਮੀ ਤੇ ਰਾਵੀ ਦਰਿਆ ਤੋਂ 13 ਕਿ. ਮੀ.

ਲਗਦੈ ਗੁਰੂ ਸਾਹਿਬ ਇਥੇ ਬੇੜੀ ਰਾਂਹੀ ਪਹੁੰਚੇ ਸਨ। ਅੱਗੇ ਜੋਗੀ ਲੋਕ ਉਨਾਂ ਦੇ ਸਵਾਗਤ ਲਈ ਦਰਿਆ ਕੰਢੇ ਆਏ ਹੋਏ ਸਨ। ਸਿੱਧਾਂ ਨੂੰ ਮਿਲਕੇ ਨਿਮਰਤਾ ਦੇ ਸਰੋਵਰ ਗੁਰੂ ਸਾਹਿਬ ਨੇ ਸ਼ਬਦ ਆਖਿਆ:-

ਰਾਮਕਲੀ ਮਹਲਾ ੧ ॥ ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥ ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥ ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥ ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥ ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬



ਚਰਪਟ ਨਾਥ ਹੀ ਚੰਬੇ ਦਾ ਦੇਵਤਾ ਹੈ। ਮੂਰਤੀ ਧਿਆਨ ਨਾਲ ਵੇਖੋ ਕਿਵੇ ਜੋਗੀ ਦੇ ਪੈਰਾਂ ਥੱਲੇ ਸੁੰਦਰੀ ਦੀ ਮੂਰਤੀ ਹੈ। ਦਰ ਅਸਲ ਮੁਗਲ ਹਮਲਾਵਰਾਂ ਦੇ ਆਉਣ ਤੋਂ ਪਹਿਲਾਂ ਕਾਮ ਵਾਸ਼ਨਾ ਮੰਦਰ ਦੇ ਗਰਭ ਗ੍ਰਿਹ ਤਕ ਪਹੁੰਚ ਚੁੱਕੀ ਸੀ। ਸ਼ਾਇਦ ਇਹੋ ਕਾਰਨ ਹੋਵੇ ਜਿਹੜਾ ਗੁਰੂ ਸਾਹਿਬ ਨੇ ਕਾਮ ਬਾਬਤ ਗੁਰਸਿੱਖ ਨੂੰ ਬਹੁਤ ਸੁਚੇਤ ਕੀਤਾ ਹੈ।

ਗੁਰੂ ਸਾਹਿਬ ਨੂੰ ਜਦੋਂ ਡੇਰੇ ਭਾਵ ਚਰਪੱਟ ਵਣੀ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਜੋਗੀਆਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ। ਕਿ ਤੁਸੀ ਜੋਗੀ ਹੋ ਵੀ ਕਿ ਨਹੀ? ਤੁਹਾਡੀ ਸਿੰਙੀ ਕਿਥੇ ਹੈ? ਨਾਂ ਹੀ ਤੁਹਾਡੇ ਕੋਲ ਪੱਤ (ਤੂਬੀ) ਤੇ ਝੋਲੀ ਵੀ ਨਹੀ ਹੈ।

ਮੱਠ ਤੇ ਪਹੁੰਚ ਗੁਰੂ ਸਾਹਿਬ ਨੇ ਮਹੰਤ ਨੂੰ ਸਤਿਕਾਰ ਨਾਲ ਆਦੇਸ ਕਿਹਾ। ਬਾਦ ਵਿੱਚ ਚਰਪੱਟ ਵਣੀ ਦੇ ਮਹੰਤ ਨੇ ਜੋਗੀਆਂ ਨੂੰ ਟੋਕਿਆ, "ਭਾਈ ਇਹ ਜਗਤ ਪ੍ਰਸਿਧ ਗੁਰੂ ਬਾਬਾ ਨਾਨਕ ਹੈ। ਇਨਾਂ ਦਾ ਸਤਿਕਾਰ ਕਰੋ ਕਿਤੇ ਕੰਮ ਉਲਟਾ ਨਾਂ ਪੈ ਜਾਏ।"

ਗੁਰੂ ਸਾਹਿਬ ਤੇ ਮਰਦਾਨੇ ਨੂੰ ਪਾਣੀ ਧਾਣੀ ਛੱਕਣ ਤੋਂ ਬਾਦ ਅਰਾਮ ਫਰਮਾਇਆ। ਫਿਰ ਜਦੋਂ ਸ਼ਾਮੀ ਸਿੱਧਾਂ ਦੀ ਸਭਾ ਜੁੜੀ ਤਾਂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਗਾ ਕੇ ਸਿੱਧ ਜੋਗੀਆਂ ਨੂੰ ਉਤਰ ਦਿੱਤਾ:-

ਰਾਮਕਲੀ ਮਹਲਾ ੧ ॥ ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ

ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥ ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥

ਕਿ ਐ ਜੋਗੀਓ ਮੇਰੇ ਵਾਸਤੇ ਸਿੰਙੀ ਉਹ ਕਹਾਣੀ ਜਾਂ ਕਵਿਤਾ ਹੈ ਜੋ ਮੈਂ ਦਿਲੋਂ ਹੋ ਕੇ ਲੋਕਾਈ ਨੂੰ ਸੁਣਾ ਰਿਹਾ ਹਾਂ। ਹਾਂ ਮੇਰੀ ਰਬਾਬ ਸਦਾ ਵੱਜਦੀ ਤੇ ਝੋਲੀ ਸਦਾ ਅੱਡੀ ਰਹਿੰਦੀ ਹੈ ਕਿ ਮੈਂ ਜਿੱਥੇ ਜਾਵਾਂ ਮੈਨੂੰ ਨਾਮ ਦੀ ਦਾਤ ਪਏ ਭਾਵ ਜਿੱਥੇ ਜਾਵਾਂ ਓਥੇ ਅਕਾਲ ਪੁਰਖ ਦਾ ਜੱਸ ਸੁਣਾ। ਹਾਂ ਮੈਂ ਗੋਰਖ ਨੂੰ ਮੰਨਦਾ ਹਾਂ ਪਰ ਉਸ ਗੋਰਖ ਨੂੰ ਜਿਸ ਨੇ ਸ੍ਰਿਸ਼ਟੀ ਸਾਜੀ। ਮੁਕਦੀ ਗੱਲ ਇਹ ਕਿ ਅਜਿਹੀ ਸੰਗਤ ਦੀ ਤਾਂਘ ਰਹਿੰਦੀ ਹੈ ਜਿੱਥੇ ਨਿਰੰਕਾਰ ਦਾ ਜ਼ਿਕਰ ਚਲੇ।

ਅਗਲੇ ਦਿਨ ਫਿਰ ਜਦੋਂ ਜੋਗੀਆਂ ਨੇ ਸਵਾਲ ਕੀਤੇ ਤਾਂ ਗੁਰੂ ਸਾਹਿਬ ਨੇ ਸੱਚੇ ਜੋਗੀ ਦੀ ਪ੍ਰੀਭਾਸ਼ਾ ਦਿੱਤੀ ਕਿ ਕਿਹੋ ਜਿਹਾ ਹੋਣਾ ਚਾਹੀਦਾ ਹੈ ਜੋਗੀ। ਭਾਵ ਜਿਸ ਨੇ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਤੇ ਕੰਟਰੋਲ ਕਰ ਲਿਆ ਹੋਵੇ। ਮੰਨ ਵਿੱਚ ਸੰਤੋਖ ਹੋਵੇ, ਰੱਬ ਦੇ ਭੈ ਵਿੱਚ ਰਹੇ, ਸੁਰਤ ਨਾਮ ਵਿੱਚ ਜੁੜੀ ਹੋਵੇ। ਸਮਾਜਿਕ ਜੀਵਨ ਵਿੱਚ ਵਿਚਰਦਾ ਹੋਵੇ ਪਰ ਮੋਹ ਮਾਇਆ ਤੋਂ ਨਿਰਲੇਪ ਹੋਵੇ।

**ਰਾਮਕਲੀ ਮਹਲਾ ੧ ॥ ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥**



ਗੁਰੂ ਸਾਹਿਬ ਜਿੱਥੇ ਵੀ ਪਧਾਰੇ ਓਥੇ ਜੇ ਪਾਣੀ ਦੀ ਕਿੱਲਤ ਸੀ ਤਾਂ ਚਸ਼ਮੇ ਜਾਰੀ ਕੀਤੇ। ਕੋਈ 25-30 ਚਸ਼ਮਿਆਂ ਦਾ ਤਾਂ ਬਕਾਇਦਾ ਇਤਹਾਸ ਵੀ ਹੈ। ਪਰ ਇਥੇ ਚਰਪੱਟ ਵਣੀ ਵਿਖੇ ਜੋ ਚਸ਼ਮੇ ਹੈਨ ਉਹਨਾਂ ਬਾਬਤ ਮਹੰਤ ਪਰਵੀਨ ਨਾਥ ਸਿੱਧ ਜੋਗੀ ਨੇ ਦੱਸਿਆ ਕਿ ਇਹ ਖੁੱਦ ਚਰਪਟ ਨਾਥ ਨੇ ਜਾਰੀ ਕੀਤੇ ਸਨ।

ਪੈੜ ਸਫਾ

ਚਰਪੱਟ ਨਾਥ ਦੀ ਕਹਾਣੀ - ਨੌ ਨਾਥਾਂ ਵਿਚੋਂ ਇਕ, ਚਰਪੱਟ ਨਾਥ, ਦਸਵੀ ਸਦੀ ਦੇ ਸ਼ੁਰੂ ਵਿੱਚ ਹੋਇਆ ਹੈ। ਚਰਪੱਟ ਭਰਮੌਰ ਦੇ ਰਾਜੇ ਸਾਹਿਲ ਵਰਮਾ ਦਾ ਧਰਮ ਗੁਰੂ ਸੀ। ਚਰਪੱਟ ਦੇ ਉਪਦੇਸ਼ ਅਨੁਸਾਰ ਹੀ ਰਾਜੇ ਨੇ ਆਪਣੀ ਰਾਜਧਾਨੀ ਭਰਮੌਰ ਤੋਂ ਚੰਬਾ ਕਰ ਲਈ ਸੀ। ਜੋਗੀ ਚਰਪੱਟ ਦੇ ਨਾਂ ਤੇ 'ਪਰੀਆਂ ਦੀਆਂ ਕਹਾਣੀਆਂ' ਦੀ ਤਰਾਂ ਅਨੇਕਾਂ ਕਹਾਣੀਆਂ ਪ੍ਰਚਲਤ ਹਨ। ਸਭ ਚਰਪੱਟ ਦੇ ਚਮਤਕਾਰ ਬਿਆਨ ਕਰਦੀਆਂ ਹਨ। ਇੱਕ ਕਹਾਣੀ ਇਹ ਵੀ ਦਸਦੀ ਹੈ ਕਿ ਚਰਪੱਟ ਕਿਸੇ ਵੀ ਵਸਤੂ ਨੂੰ ਦੂਸਰੀ ਵਿੱਚ ਤਬਦੀਲ ਕਰ ਸਕਦਾ ਸੀ; ਜਿਵੇ ਤਾਂਬੇ ਨੂੰ ਸੋਨਾ ਬਣਾ ਦੇਣਾ। ਚਰਪੱਟ ਗੋਰਖਨਾਥ ਦਾ ਚੇਲਾ ਸੀ। ਚਰਪੱਟ ਪੰਜਾਬੀ ਦੇ ਸਭ ਤੋਂ ਪਹਿਲੇ ਕਵੀਆਂ ਵਿਚੋਂ ਗਿਣਿਆ ਗਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਚਰਪੱਟ ਦੇ ਵਰ ਨਾਲ ਚੰਬੇ ਦੇ ਰਾਜੇ ਦੇ 10 ਪੁੱਤਰ ਤੇ ਇੱਕ ਧੀ (ਚੰਪਾਵਤੀ) ਪੈਦਾ ਹੋਈ ਸੀ। ਬਾਦ ਵਿੱਚ ਚੰਪਾਵਤੀ ਦੇ ਸਬੰਧ ਚਰਪੱਟ ਨਾਲ ਹੋ ਜਾਂਦੇ ਹਨ। ਚੰਬੇ ਸ਼ਹਿਰ ਦਾ ਨਾਂ ਓਸੇ ਚੰਪਾਵਤੀ ਤੋਂ ਹੀ ਬਣਦਾ ਹੈ। ਚੰਪਾਵਤੀ ਦੀ ਪੱਥਰ ਦੀ ਮੂਰਤੀ ਅੱਜ ਵੀ ਸ਼ਹਿਰ ਵਿੱਚ ਮੌਜੂਦ ਹੈ।

■ ਗਿਆਨੀ (ਪੰ- 196) ਨੇ ਇਹ ਸ਼ਬਦ ਸੁਮੇਰ ਪਰਬਤ ਤੇ ਗਾਉਣਾ ਲਿਖਿਆ ਹੈ। ਪਰ ਸਾਹਿਬ ਨੇ ਜੋ ਭਾਸ਼ਾ ਵਰਤੀ ਹੈ ਉਸ ਤੋਂ ਲੱਗਦੇ ਹੈ ਕਿ ਇਹ ਪੰਜਾਬ ਦੇ ਇਲਾਕੇ ਵਿੱਚ

ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

ਦੋ ਤਿੰਨ ਦਿਨ ਏਥੇ ਰਹਿ ਗੁਰੂ ਸਾਹਿਬ, ਨੇੜੇ ਕਰਤਾਰਪੁਰ ਜਾਣ



ਚਰਪਟ ਵਣੀ ਵਿਚ ਸ਼ਿਵ ਮੰਦਰ। ਤੇ ਲਓ ਅੱਜ ਕਲ ਇਸ ਯੋਗੀ ਸਥਾਨ ਵਿਚ ਹਨੂਮਾਨ ਦੀ ਮੂਰਤੀ ਵੀ ਲੱਗ ਗਈ ਹੈ।

ਦੇ ਬਿਜਾਏ, ਬਿਆਸ ਦਰਿਆ ਰਾਂਹੀ, ਬੇੜੀ ਤੇ ਸੁਲਤਾਨਪੁਰ ਨੂੰ ਚਲੇ ਗਏ। ਇਥੋਂ ਜਦੋਂ ਰਵਾਨਾ ਹੋਏ ਤਾਂ ਸਿੱਧਾਂ ਨੇ ਬੜਾ ਮੋਹ ਪਿਆਰ ਜਿਤਾਇਆ। ਗੁਰੂ ਸਾਹਿਬ ਨੇ ਉਨਾਂ ਨੂੰ ਵਾਇਦਾ ਦਿੱਤਾ ਕਿ ਮੇਲਿਆਂ ਮਸਾਦਾਂ ਤੇ ਮੈਂ ਤੁਹਾਨੂੰ ਮਿਲਦਾ ਰਹਾਂਗਾ, ਜੇ ਤੁਸੀ ਕਰਤਾਰਪੁਰ ਨਹੀ ਆ ਸਕਦੇ ਤਾਂ।

****ਗੁਰੂ ਸਾਹਿਬ ਤੇ ਚਰਪੱਟ ਵਣੀ ਦੇ ਜੋਗੀਆਂ ਦਰਮਿਆਨ ਹੋਈ ਚਰਚਾ ਤੇ ਜੋਗੀਆਂ ਨੇ ਵੀ ਕਵਿਤਾ ਰਚੀ ਕਿ ਗੁਰੂ ਸਾਹਿਬ ਨੇ ਆਪਣੇ ਬਾਰੇ ਕੁਝ ਅਜਿਹਾ ਕਿਹਾ:-

ਸੇਲੀ ਨ ਬਾਂਧੋ, ਨ ਪਹਿਰੋ ਮ੍ਰਿਗਾਨੀ।
ਖਿੰਥਾ ਨ ਓਢੋ, ਜੋ ਹੋ ਜਾਇ ਪੁਰਾਨੀ।
ਬਿਭੂਤੀ ਨ ਚੜਾਓ, ਜੋ ਉੱਤਰ ਉੱਤਰ ਜਾਇ।
ਖਰ ਵਾਕਰ ਲੋਟੇਗੀ ਮੇਰੀ ਬਲਾਇ।
ਦੁਆਰਾ ਦੇਖ ਧੂਣੀ ਨ ਪਾਉਂ।
ਸੰਧਿਆ ਦੇਖ ਸਿੰਙੀ ਨ ਬਜਾਊ।
ਗ੍ਰਿਹ ਗ੍ਰਿਹ ਕੂਕਰ ਨਿਆਈ ਮਾਂਗਤ ਨਾ ਜਾਊ।
ਭੇਖ ਕਾ ਜੋਗੀ ਕਦੇ ਨ ਕਹਾਊ।

------◆-----

ਕਟਾਰੂ ਚੱਕ (ਚਰਪੱਟ ਵਣੀ) ਤੋਂ ਗੁਰੂ ਸਾਹਿਬ ਨੇ ਸੁਲਤਾਨਪੁਰ ਲੋਧੀ ਨੂੰ ਚਾਲੇ ਪਾਏ। ਹੋ ਸਕਦਾ ਸ਼ੁਰੂ ਵਿਚ ਕੋਈ ਬੇੜੀ ਮਿਲ ਗਈ ਹੋਵੇ। ਕਿਉਕਿ ਚੱਕ ਤੋਂ ਕਾਹਨੂੰਵਾਨ ਤਕ ਜਾਣ ਦੇ ਰਸਤੇ ਵਿਚ ਕਿਤੇ ਗੁਰੂ ਸਾਹਿਬ ਦੇ ਰੁਕਣ ਦਾ ਇਸ਼ਾਰਾ ਨਹੀ ਮਿਲਦਾ। ਕਾਹਨੂੰਵਾਨ ਤੋਂ ਦਰਿਆ ਬਿਆਸ ਅੱਜ ਤਾਂ 11 ਕਿ.ਮੀ. ਚੜ੍ਹਦੇ ਵਲ ਨੂੰ ਖਿਸਕ ਗਇਆ ਹੈ ਪਰ ਇਸ ਵਿਚ ਕੋਈ ਸ਼ੱਕ ਨਹੀ ਕਿ ਕਿਸੇ ਵੇਲੇ ਕਾਹਨੂੰਵਾਨ, ਦਰਿਆ ਦੇ ਐਨ ਕੰਢੇ ਤੇ ਸੀ। ਸੋ ਕਾਹਨੂੰਵਾਨ ਤੋਂ ਪੂਰਬ ਨੂੰ ਚਲਦੇ ਹੋਏ ਗੁਰੂ ਸਾਹਿਬ ਨੇ ਅਗਲਾ



ਸਾਹਿਬ ਦੀ ਕੀੜੀ ਅਫਗਾਨਾਂ ਵਿਖੇ ਆਮਦ ਦੀ ਯਾਦਗਾਰ

ਪੜਾ ਕੀਤਾ ਪਠਾਣਾਂ ਦੇ ਪਿੰਡ ਕੀੜੀ ਅਫਗਾਨਾਂ (ਨਕਸ਼ਾ ਸੂਚਕ 31.8791, 75.4531)

## ਪਠਾਣਾਂ ਨੇ ਗੀਤ ਗਾਇਆ, "ਦਮਸਾਹ ਨਾਨਕ! ਦਮਸਾਹ ਨਾਨਕ!!"

ਜਦੋਂ ਗੁਰੂ ਸਾਹਿਬ ਪਿੰਡ ਕੀੜੀ ਪਠਾਣਾਂ ਠਹਿਰੇ ਹੋਏ ਸਨ ਤਾਂ ਕੋਈ ਵਿਆਹ ਸ਼ਾਦੀ ਦਾ ਮੌਕਾ ਸੀ। ਸਾਹਿਬ ਨੇ ਕੋਈ ਅਜਿਹਾ ਕੌਤਕ ਕੀਤਾ ਕਿ ਸਭ ਪਠਾਣ ਇਕ ਦਮ ਝੂਮ ਉਠੇ। ਉਹਨਾਂ ਨੇ ਗੁਰੂ ਸਾਹਿਬ ਦੀ ਆਮਦ ਦਾ ਜਸ਼ਨ ਢੋਕ ਢਮੱਕੇ ਦਮਾਮੇ ਵਜਾ ਕੇ ਮਨਾਇਆ। ਜਿਵੇਂ ਗਾਣਾਂ ਗਾਇਆ ਜਾਂਦਾ ਹੈ ਦਮਾ ਦਮ ਮਸਤ ਕਲੰਦਰ ਐਨ ਏਸੇ ਤਰਜ਼ ਤੇ ਉਹਨਾਂ ਗਾਇਆ ਅਤੇ ਨੱਚੇ। ਦਮਸਾਹ ਭਾਵ ਹਰ ਸਾਹ ਦੇ ਨਾਲ ਨਾਨਕ।

ਜਦੋਂ ਫਿਰ ਅਜਿਹਾ ਸੰਗੀਤ ਚਲਦਾ ਹੋਵੇ ਤਾਂ ਮਰਦਾਨੇ ਦਾ ਹੱਥ ਰਬਾਬ ਦੀ ਤਾਰ ਤੇ ਨਾਂ ਜਾਏ ਇਹ ਹੋ ਹੀ ਨਹੀ ਸੀ ਸਕਦਾ।

ਖੁਸ਼ੀਆਂ ਦਾ ਮੌਕਾ ਸੀ ਮਰਦਾਨੇ ਨੇ ਸੂਹੀ ਦੀ ਧੁੰਨ ਵਜਾਈ। ਮਰਦਾਨੇ ਨੇ ਓਹੋ ਸ਼ਬਦ ਲਾ ਦਿਤਾ ਜਿਹੜਾ ਗੁਰੂ ਸਾਹਿਬ ਨੇ ਵੀ ਆਪਣੇ ਪੁਤ ਦੇ ਵਿਆਹ ਤੇ ਉਚਾਰਿਆ ਸੀ:

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ...(ਪੂਰਾ ਸ਼ਬਦ ਵੇਖੋ ਸਫਾ 195)⊙

ਪਿੰਡ ਕੀੜੀ ਦੇ ਪਠਾਣ ਗੁਰੂ ਸਾਹਿਬ ਦੇ ਕੱਟੜ ਸ਼ਰਧਾਲੂ ਰਹੇ ਨੇ। ਫਿਰ ਜਿਵੇ ਗੁਰੂ ਸਾਹਿਬ ਦਾ ਮਤ ਧਰਮ ਦੀ ਸ਼ਕਲ ਲੈਣ ਲੱਗਾ ਤਾਂ ਹੌਲੀ ਹੌਲੀ ਇਹ ਪ੍ਰਵਾਰ ਫਿਰ ਸਿੱਖੀ ਤੋਂ ਦੂਰ ਹੁੰਦੇ ਗਏ। ਇਕ ਹੋਰ ਵੀ ਵੱਡਾ ਨੁਕਤਾ ਇਹ ਵੀ ਹੁੰਦਾ ਹੈ ਕਿ ਜਿਸ ਕਬੀਲੇ ਜਾਂ ਜਾਤ ਵਿਚ ਜਿਸ ਧਰਮ ਦਾ ਬਹੁਮਤ ਹੋਵੇ, ਹੌਲੀ ਹੌਲੀ ਸਾਰਾ ਕਬੀਲਾ ਓਸੇ ਧਰਮ ਦਾ ਹੋ ਜਾਂਦਾ ਹੈ। ਕਿਉਕਿ ਵਿਆਹ ਨਾਲ ਬਾਹਰੋ ਜਿਹੜੀ ਧੀ ਆਉਂਦੀ ਹੈ ਉਹ ਆਪਣੇ ਬੱਚਿਆਂ ਵਿਚ ਆਪਣੇ ਮਾਪਿਆ ਵਾਲਾ ਬਹੁਮਤ ਧਰਮ ਚਲਾ ਦਿੰਦੀ ਹੈ। ਬਹੁਤੇ ਖੱਤਰੀ ਪ੍ਰਵਾਰਾਂ ਦਾ ਸਿੱਖੀ ਤੋਂ ਟੁੱਟਣ ਦਾ ਵੀ ਇਹੋ ਕਾਰਨ ਬਣਿਆ ਸੀ ਕਿਉਕਿ ਵਹੁਟੀਆਂ ਜਿਵੇ ਆਰੀਆ ਸਮਾਜੀ ਪ੍ਰਵਾਰਾਂ ਤੋਂ ਆਈਆਂ ਉਹਨਾਂ ਨੇ ਸਿੱਖੀ ਦੂਰ ਕਰ ਦਿੱਤੀ।

ਗੁਰੂ ਸਾਹਿਬ ਇਸ ਤੋਂ ਅੱਗੇ ਭਗਤ ਨਾਮਦੇਵ ਦੇ ਪਿੰਡ ਘੁਮਾਣਾਂ ਤੋਂ ਮਾੜੀ ਬੁੱਚੀਆਂ ਥਾਂਣੀ ਹੁੰਦੇ ਹੋਏ ਸਠਿਆਲਾ ਪੁੱਜੇ।

-----◈-----

ਸਠਿਆਲਾ ✚

## ਸਠਿਆ ਚੁੱਕੇ ਮੌਲਾਣੇ ਨੇ ਗੁਰੂ ਸਾਹਿਬ ਨੂੰ ਢੀਮਾਂ ਮਰਵਾਈਆਂ

ਬੁੱਢਾ ਥੇਹ ਤੋਂ 7 ਕਿ.ਮੀ ਦੱਖਣ ਗੁਰੂ ਸਾਹਿਬ ਪਿੰਡ ਸਠਿਆਲਾ ਪਹੁੰਚੇ। ਸਠਿਆਲਾ ਬਾਬਾ ਬਕਾਲਾ ਤੋ ਪਹਾੜ ਪਾਸੇ ਸਾਢੇ ਚਾਰ ਕਿ.ਮੀ ਹੈ ਅਤੇ ਬਟਾਲਾ ਸੜਕ ਤੋਂ ਇੱਕ ਕਿ. ਮੀ. ਚੜਦੇ ਪਾਸੇ ਹੈ। ਜਿੰਨੀ ਦਿਨੀ ਗੁਰੂ ਸਾਹਿਬ ਇਥੇ ਆਏ ਓਦੋ ਇਸ ਪਿੰਡ ਦਾ ਨਾਂ ਮੁਗਲਾਨੀ ਹੋਇਆ ਕਰਦਾ ਸੀ ਅਤੇ ਬਹੁਤੀ ਮੁਸਲਮਾਨ ਅਬਾਦੀ ਹੀ ਸੀ। ਇੱਕ ਮੁਸਲਮਾਨ ਪੀਰ ਦੀ ਪਿੰਡ ਵਿੱਚ ਬੜੀ ਮਾਨਤਾ ਸੀ। ਗੁਰੂ ਸਾਹਿਬ ਪਿੰਡੋਂ ਬਾਹਰਵਾਰ ਹੀ ਬਹਿ ਗਏ ਤੇ ਕੀਰਤਨ ਸ਼ੁਰੂ ਕਰ ਦਿੱਤਾ। ਮਰਦਾਨਾ ਰਬਾਬੀ ਨਾਲ ਸੀ। ਗੁਰੂ ਸਾਹਿਬ ਦੀ ਆਮਦ ਦੀ ਖਬਰ ਪਿੰਡ ਵਾਸੀਆਂ ਨੂੰ ਲੱਗੀ। ਇਕ ਮਾਂ ਜਿਸ ਦਾ ਬੱਚਾ ਸੋਕੜੇ ਦਾ ਮਰੀਜ ਸੀ ਉਹ ਥਾਂ ਥਾਂ ਇਲਾਜ ਕਰਾ ਕੇ ਹਾਰ ਚੁੱਕੀ ਮਹਿਸੂਸ ਕਰ ਰਹੀ ਸੀ। ਗੁਰੂ ਸਾਹਿਬ ਦੀ ਪਿੰਡ ਵਿਚ ਆਮਦ ਦਾ ਸੁਣ ਕੇ ਉਹ ਵੀ ਪਹੁੰਚੀ। ਗੁਰੂ ਸਾਹਿਬ ਅਤੇ ਮਰਦਾਨਾ ਕੀਰਤਨ ਵਿਚ ਮਸਤ ਸਨ। ਉਸ ਬੀਬੀ ਨੇ ਬੱਚਾ ਗੁਰੂ ਸਾਹਿਬ ਦੇ ਲਾਗੇ ਪਾ ਦਿੱਤਾ ਤੇ ਆਪ ਪਰੇ ਹੋ ਕੇ ਬਹਿ ਗਈ। ਸ਼ਬਦ ਦੀ ਸਮਾਪਤੀ ਤੇ ਗੁਰੂ ਸਾਹਿਬ ਨੇ ਰੋਂਦੀ ਮਾਂ ਦਾ ਦਰਦ ਸਮਝਿਆ ਅਤੇ ਉਸ ਨੂੰ ਇਸ਼ਾਰਾ ਕੀਤਾ ਕਿ ਬੱਚੇ ਨੂੰ ਨਾਲ ਦੀ ਛਪੜੀ ਵਿਚ ਇਸ਼ਨਾਨ ਕਰਾਓ। ਚੁਫੇਰਿਓ ਹਾਰ ਚੁੱਕੀ ਮਾਂ ਨੇ ਝੱਟ ਬੱਚੇ ਨੂੰ ਡੁਬਕੀ ਲਵਾ ਦਿੱਤੀ।

ਮਾਂ ਨੂੰ ਮਹਿਸੂਸ ਹੋਇਆ ਬੱਚੇ ਵਿਚ ਨਵੀ ਰੌਣਕ ਤੇ ਰੂਹ ਆ ਚੁੱਕੀ ਸੀ। ਸਰੀਰ ਨੇ ਇਕ ਦਮ ਹਰਕਤ ਕਰਨੀ ਸ਼ੁਰੂ ਕਰ ਦਿੱਤੀ। ਮਾਂ ਨੇ ਪਿੰਡ ਵਿਚ ਜਾ ਦੁਹਾਈ ਦਿੱਤੀ ਕਿ ਇਕ ਰੱਬ ਦਾ ਪਿਆਰਾ ਫਕੀਰ ਆਇਆ ਹੈ।

ਇਹ ਸੁਣ ਕੇ ਉਸ ਕੱਟੜ ਪੀਰ ਨੂੰ ਬੜਾ ਵੱਟ ਚੜਿਆ ਕਿ ਇਕ



ਛਪੜੀ ਜੋ ਅੱਜ ਸਰੋਵਰ ਬਣ ਚੁੱਕੀ ਹੈ ਦੇ ਕੰਢੇ ਗੁਰਦੁਆਰਾ ਨਾਨਕਸਰ ਸਠਿਆਲਾ।

ਪੈੜ ਸਫਾ

**ਚਰਪਟ ਵਣੀ-** ਸੋਢੀ -409, ਮਹਾਨ ਕੋਸ਼- 457
ਪੁਰਾਤਨ-114, ਬਾਲਾ-127,

⊙ ਪੁਰਾਤਨ ਨੇ ਜੋ ਇਥੇ ਦਿਤਾ ਹੈ। ਉਹ ਤਿਲੰਗ ਰਾਗ ਅਤੇ ਸੋਗ ਦਾ ਹੈ: "ਜਿਨਿ ਕੀਆ ਤਿਨਿ ਦੇਖਿਆ ਅੰਗ 724 ਸਗਗਸ"। ਜੋ ਬਾਬਰ ਦੇ ਕਤਲਾਮ ਤੋਂ ਬਾਦ ਉਚਾਰਿਆ ਸੀ। ਗਲਤੀ ਇਸ ਕਰਕੇ ਹੋਈ ਲਗਦੀ ਹੈ ਕਿਉਕਿ ਸ਼ਬਦ ਦੀਆਂ ਪਹਿਲੀਆਂ ਸਤਰਾਂ ਸਮਾਨ ਹਨ। ਸਹੀ ਸ਼ਬਦ ਅੰਗ 765 ਤੇ ਹੈ।



ਸਠਿਆਲਾ
ਛਪੜੀ ਜੋ ਅੱਜ ਸਰੋਵਰ ਬਣ ਚੁੱਕੀ ਹੈ

ਮੁਸਲਮਾਨ ਔਰਤ ਹਿੰਦੂ ਫਕੀਰ ਦੀ ਮਸ਼ਹੂਰੀ ਕਰ ਰਹੀ ਹੈ। ਉਸ ਨੇ ਆਪਣੇ ਚੇਲੇ ਭੇਜ ਕੇ ਗੁਰੂ ਸਾਹਿਬ ਨਾਲ ਠੱਠ ਕੀਤਾ ਤੇ ਢੀਮਾਂ ਮਾਰੀਆਂ। ਛੇਤੀ ਹੀ ਕੁਝ ਅਜਿਹੇ ਲੋਕ ਵੀ ਆ ਪਹੁੰਚੇ ਜਿੰਨਾਂ ਗੁਰੂ ਸਾਹਿਬ ਦੀ ਮਹਿਮਾ ਸੁਣ ਰੱਖੀ ਸੀ।

ਗੁਰੂ ਸਾਹਿਬ ਇਕ ਦੋ ਦਿਨ ਇਥੇ ਰੁਕੇ। ਧਰਮ ਦੀ ਚਰਚਾ ਚਲੀ ਜਿਸ ਵਿਚ ਪੀਰ ਲਾਜਵਾਬ ਹੋਇਆ ਪਰ ਆਪਣਾ ਹੰਕਾਰ ਨਾਂ ਛੱਡਿਆ।

ਜਦੋਂ ਮਰਦਾਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਗੁਰੂ ਜੀ ਇਹ ਮੁਗਲ ਲੋਕਾਂ ਅਜਿਹਾ ਕਿਓ ਕੀਤਾ ਤਾਂ ਗੁਰੂ ਸਾਹਿਬ ਨੇ ਸਹਿਜ ਸੁਭਾ ਕਿਹਾ ਕਿ ਇਹ ਸਠਿਆ ਗਏ ਨੇ। ਕਿਹਾ ਜਾਂਦਾ ਕਿ ਇਥੋਂ ਦੇ ਬਹੁਤੇ ਮੁੱਗਲ ਜੱਲੇ ਹੀ ਹੁੰਦੇ ਸਨ। ਵਕਤ ਪਾ ਕੇ ਮੁਗਲ ਜਾਤ ਦੇ ਬਹੁਤੇ ਮੁਸਲਮਾਨ ਇਥੋਂ ਹਿਜਰਤ ਹੀ ਕਰ ਗਏ। ਹੌਲੀ ਹੌਲੀ ਪਿੰਡ ਮੁਗਲਾਨੀ ਦਾ ਨਾਂ ਹੀ ਖਤਮ ਹੋ ਗਿਆ। ਪਿੰਡ ਦੀ ਅਜਿਹੀ ਬਦਨਾਮੀ ਹੋਈ ਕਿ ਨਾਂ ਹੀ ਸੱਠਾਂ ਵਾਲਾ ਭਾਵ ਸਠਿਆਲਾ ਬਣ ਗਿਆ। (ਸੱਠ ਭਾਵ ਝੱਲਾ)। ਬਾਕੀ ਬਚੇ ਮੁਸਲਮਾਨ 1947 ਵੇਲੇ ਇਥੋਂ ਪਾਕਿਸਤਾਨ ਚਲੇ ਗਏ।

ਜਿਸ ਪਿੱਪਲ ਦੇ ਰੁੱਖ ਹੇਠ ਗੁਰੂ ਸਾਹਿਬ ਬਿਰਾਜੇ ਸਨ ਉਹ ਸੰਨ 1931 ਈ ਤੱਕ ਤਾਂ ਹੈਗਾ ਸੀ।

ਸਠਿਆਲੇ ਤੋਂ ਚੱਲ ਕੇ ਗੁਰੂ ਸਾਹਿਬ 3 ਕਿ.ਮੀ. ਦੱਖਣ, ਪਿੰਡ ਠੱਠੀਆਂ ਪਹੁੰਚੇ। ਇਸ ਬਾਬਤ ਸੰਨ 1931 ਈ ਵਿੱਚ ਭਾਈ ਧੰਨਾ ਸਿੰਘ ਸਾਈਕਲ ਯਾਤਰੀ- ਨੇ ਲਿਖਿਆ ਹੈ:-*****

"**ਪਿੰਡ ਠੱਠੀਆਂ +** ਦੇ ਚੜਦੇ ਦੀ ਤਰਫ ਅੱਧ ਮੀਲ ਤੇ ਇੱਕ ਸਰੋਵਰ ਨਾਨਕਿਆਣਾ ਸਾਹਿਬ ਜੀ ਹੈ। ਇਸ ਸਰੋਵਰ ਵਿੱਚ ਜਲ ਨਹੀ ਰਹਿੰਦਾ ਹੈ ਤੇ ਸਾਰੇ ਪਿੰਡ ਦਾ ਸ਼ਾਮਲਾਟ ਹੀ ਹੈ। ਸਾਰਾ ਪਿੰਡ ਨਾਨਕਿਆਣਾ ਕਰਕੇ ਮੰਨਦਾ ਹੈ। ਪਹਿਲੇ ਲਾਗੇ ਦੇ ਖੇਤਾਂ ਵਾਲੇ ਇਸ ਸਰੋਵਰ ਨੂੰ ਰਲਾਉਨੇ ਲੱਗ ਗਏ ਸਨ। ਅਖੀਰ ਜਦ ਨੁਕਸਾਨ ਹੋਨੇ ਲਗਾ ਤਾਂ ਹਟ ਗਏ ਸਨ। ਅਜ ਕਲ ਇਹ ਛੱਪੜ 170 ਕਰਮ ਦੇ ਗੇੜ ਵਿੱਚ ਹੈ। ਜਿਸ ਵਕਤ ਪਹਿਲੀ ਪਾਤਸ਼ਾਹੀ ਜੀ ਪਿੰਡ ਸਠਿਆਲੇ ਤੋਂ ਆਈ ਹੈ, ਜੋ ਕੇ ਉਤ੍ਰ ਦੀ ਤਰਫ ਇੱਕ ਮੀਲ ਤੇ ਹੈ ਤਾਂ ਇਸ ਛੱਪੜ ਤੇ ਪਵਿਤਰ ਚਰਨ ਪਾਏ ਸਨ ਤੇ ਮਰਦਾਨੇ ਤੇ ਕੀਰਤਨ ਸੁਨਨੇ ਲੱਗ ਗਏ ਸਨ। ਤਾਂ ਮਰਦਾਨੇ ਗੁਰੂ ਜੀ ਕਹਿਆ ਕੇ ਜਿਸ ਜਗਾ ਗੁਰੂਆਂ ਦੇ ਚਰਨ ਪੈਂਦੇ ਜਾਂਦੇ ਹੈ, ਉਸ ਜਗਾ ਗੁਰਦਵਾਰੇ ਪੈਨਗੇ। ਸੋ ਇਸ ਜੰਗਲ ਵਿੱਚ ਕਿਸੇ ਨੂੰ ਕੀ ਪਤਾ ਹੈ ਕੇ ਗੁਰੂ ਜੀ ਫਲਾਨੇ ਛੱਪੜ ਤੇ ਬੈਠੇ ਕੀਰਤਨ ਕਰ ਰਹੇ ਹੈ। ...ਇਹ ਨਾਨਕਿਆਣਾ ਸਾਹਿਬ ਜੀ ਬਾਬੇ ਬਕਾਲੇ ਤੋਂ ਉਤ੍ਰ ਦੀ ਤੇ ਚੜਦੇ ਦੀ ਗੁੱਠ ਵਿੱਚ ਇੱਕ ਮੀਲ ਤੇ ਹੈ।"

ਅਸੀ ਪੁੱਛ ਗਿੱਛ ਕੀਤੀ ਹੈ ਅੱਜ ਠੱਠੀਆਂ ਵਿਚ ਗੁਰੂ ਸਾਹਿਬ ਦੀ ਆਮਦ ਦੀ ਕੋਈ ਯਾਦਗਾਰ ਨਹੀ ਬਚੀ। ਬਾਵਜੂਦ ਇਸ ਦੇ ਕੇ ਨਾਲ ਹੀ ਬਾਬਾ ਬਕਾਲਾ ਵਿਖੇ ਵੱਡੇ ਵੱਡੇ ਪ੍ਰਚਾਰਕਰ ਨਿਵਾਸ ਕਰਦੇ ਹਨ।

------◈------

ਠੱਠੀਆਂ ਤੋਂ ਪਿੰਡ ਬੁੱਢਾ ਥੇਹ ਆਏ ਜੋ 5 ਕਿ. ਮੀ ਦੱਖਣ ਜਲੰਧਰ ਅੰਮ੍ਰਿਤਸਰ ਸੜਕ ਤੇ ਹੈ ਅਤੇ ਜਲੰਧਰ ਵਾਲੇ ਪਾਸਿਓ ਜਿਵੇ ਦਰਿਆ ਪਾਰ ਕਰੀਦਾ ਹੈ ਇਹ ਸੱਜੇ ਹੱਥ ਪਹਿਲਾ ਪਿੰਡ ਹੈ ਜਿਥੇ ਡੇਰਾ ਬਿਆਸ ਦਾ ਅੱਡਾ ਅਤੇ ਰੇਲਵੇ ਸਟੇਸ਼ਨ ਹੈ।

**ਬੁੱਢਾ ਥੇਹ** ਬਾਰੇ ਸਾਈਕਲ ਯਾਤਰੀ ਲਿਖਦਾ ਹੈ:-

"ਪਿੰਡ ਬੁੱਢਾ ਥੇਹ ਦੀ ਉਤਰ ਦੀ ਤਰਫ ਇੱਕ ਫਰਲਾਂਗ ਤੇ ਪਹਿਲੀ ਪਾਤਸ਼ਾਹੀ ਜੀ ਦਾ ਗੁਰਦਵਾਰਾ ਹੈ। ਜੋ ਕਿ ਮੰਜੀ ਸਾਹਿਬ ਬਨ ਕੇ ਉਪਰ ਗੁੰਮਟ ਬਣਾ ਹੋਆ ਹੈ। ਪਿੱਪਲ ਤੇ ਬਰੋਟਾ (ਬੋਹੜ) ਤੇ ਨਿੰਮ ਤਿੰਨੋ ਦਰਖਤ ਖੜੇ ਹੈ ਤੇ ਪਾਸ ਹੀ ਗੁਰਦੁਆਰਾ ਪਇਆ ਹੋਆ ਹੈ। "

ਇਥੇ ਜਦੋਂ ਗੁਰੂ ਸਾਹਿਬ ਆਏ ਤਾਂ ਪਿੰਡ ਦੇ ਲੋਕਾਂ ਦਾ ਸੰਗ ਨਿਗਾਹੇ ਪੀਰ ਦੀ ਜਗਾ ਧੌਂਕਲ (ਜਿਲਾ ਗੁਜਰਾਂਵਾਲਾ) ਜਾਣ ਲਈ ਤਿਆਰੀਆਂ ਕਰ ਰਿਹਾ ਸੀ। ਗੁਰੂ ਜੀ ਨੇ ਅਜਿਹਾ ਕੌਤਕ ਕੀਤਾ ਕਿ ਲੋਕਾਂ ਨੂੰ ਇਉ ਲੱਗਾ ਕਿ ਇਹ ਤਾਂ ਲੱਖ ਦਾਤਾ ਖੁੱਦ ਹੀ ਸਾਡੇ ਪਿੰਡ ਆ ਗਇਆ ਹੈ। ਲੋਕ ਲੱਖ ਲੱਖ ਸ਼ੁਕਰ ਮਨਾ ਰਹੇ ਸਨ। ਖੂਬ ਸੇਵਾ ਕੀਤੀ ਗੁਰੂ ਸਾਹਿਬ ਅਤੇ ਗੁਰੂ ਦੇ ਸੇਵਕ ਦੀ। ਸਾਹਿਬ ਨੇ ਬੁਢਾ ਥੇਹ ਵਿਖੇ ਲੋਕਾਈ ਨੂੰ ਫਿਰ ਸਰਵਰੀਆਂ ਦਾ ਸੰਗ ਛੱਡ ਇੱਕ ਨਿਰੰਕਾਰ ਦੀ ਉਪਾਸਨਾ ਦਾ ਸੰਦੇਸ ਦਿੱਤਾ ਤੇ ਨਾਮ ਦੇ ਲੜ ਲਾਇਆ। ਗੁਰੂ ਸਾਹਿਬ ਨੇ ਇਸ ਪਿੰਡ ਦੇ ਲੋਕਾਂ ਨੂੰ ਖਿੰਢ ਪੁੰਢ ਜਾਣ ਦਾ ਵਰ ਦਿੱਤਾ ਕਿਉਕਿ ਜਿੱਥੇ ਵੀ ਇਹ ਲੋਕ ਜਾਣਗੇ ਨੇਕੀ ਦਾ ਪਸਾਰਾ ਕਰਨਗੇ।

ਦੁੱਖ ਨਾਲ ਜਾਣਕਾਰੀ ਦੇ ਰਹੇ ਹਾਂ ਕਿ 90 ਸਾਲ ਪਹਿਲਾਂ ਜਿਹੜਾ ਯਾਦਗਾਰੀ ਗੁਰਦੁਆਰਾ ਸੀ ਉਹ ਅੱਜ ਅਲੋਪ ਹੋ ਚੁੱਕਾ ਹੈ।

ਦੂਸਰੇ ਪਾਸੇ ਹਾਲਤ ਇਹ ਹੈ ਕਿ ਗੁਰਸਿੱਖਾਂ ਨੂੰ ਦੂਰ ਦੁਰਾਡੇ ਦੇਸਾਂ ਵਿਚ ਵੀ ਜਿਥੇ ਪਤਾ ਲੱਗੇ ਕਿ ਗੁਰੂ ਸਾਹਿਬ ਨੇ ਚਰਨ ਪਾਏ ਤਾਂ ਉਥੇ ਵੀ ਯਾਦਗਾਰ ਬਣਾਉਣ ਲਈ ਉਤਾਵਲੇ ਹੋ ਜਾਂਦੇ ਨੇ। ਹੈਰਾਨੀ ਦੀ ਗਲ ਕਿ ਇਥੋਂ ਲਾਗੇ ਹੀ 2 ਕਿ. ਮੀ ਦੀ ਵਿੱਥ ਤੇ ਬਾਬਾ ਬਕਾਲੇ ਵਿਖੇ ਵੱਡੇ ਗੁਰਅਸਥਾਨ ਹਨ ਜੋ ਸਿੱਧੇ ਸ਼੍ਰੋਮਣੀ ਕਮੇਟੀ ਦੇ ਕੰਟਰੋਲ ਅਧੀਨ ਹਨ। ਸੋ ਗਲ ਤਾਂ ਸਾਰੀ ਸ਼ਰਧਾ ਦੀ ਹੁੰਦੀ ਹੈ।

ਇਹਨਾਂ ਦੋਵਾਂ ਪਿੰਡਾਂ ਵਿਚ ਯਾਦਗਾਰਾਂ ਅਲੋਪ ਹੋਣ ਦਾ ਇਹ ਵੀ ਕਾਰਨ ਹੋ ਸਕਦਾ ਹੈ ਕਿ ਨਾਲ ਹੀ ਰਾਧਾ ਸੁਆਮੀ ਡੇਰਾ ਬਿਆਸ ਹੈ। ਹੋ ਸਕਦਾ ਹੈ ਪਿੰਡ ਦੇ ਸਾਰੇ ਵਸਨੀਕ ਡੇਰੇ ਵਾਲੇ ਨਾਲ ਜੁੜ ਗਏ ਹੋਣ ਜਾਂ ਫਿਰ ਈਸਾਈ ਬਣ ਗਏ ਹੋਣ।

----◈----

ਬੁਢਾ ਥੇਹ ਤੋਂ 13-14 ਕਿ.ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਪਿੰਡ ਭਲਾਈ ਪੁਰ ਡੋਗਰਾਂ ਥਾਂਣੀ ਹੁੰਦੇ ਹੋਏ ਜਲਾਲਾਬਾਦ

ਪਹੁੰਚੇ। ਜਲਾਲਾਬਾਦ ਖਡੂਰ ਸਾਹਿਬ ਤੋਂ 10 ਕਿ. ਮੀ. ਪੂਰਬ ਵਿਚ ਹੈ। ਇਥੇ ਗੁਰੂ ਸਾਹਿਬ ਦਾ ਆਉਣਾ ਲਗ ਪਗ ਸਾਰੀਆਂ ਜਨਮ ਸਾਖੀਆਂ ਵਿਚ ਹੈ। ਪਰ ਪਿੰਡ ਵਿਚ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਬਣੀ। ਉਂਜ ਵੀ ਵੇਖਣ ਤੇ ਸਾਫ ਪਤਾ ਲਗਦਾ ਹੈ ਕਿ ਇਹ ਇਤਹਾਸਿਕ ਪਿੰਡ ਹੈ।

ਜਲਾਲਾਬਾਦ ਤੋਂ ਅੱਗੇ ਪੂਰਬ ਵਿਚ 5 ਕਿ. ਮੀ. ਤੇ ਇਤਿਹਾਸਿਕ ਕਸਬਾ ਵੈਰੋਵਾਲ ਆਉਣਾ ਜਿਥੇ ਗੁਰੂ ਸਾਹਿਬ ਦੇ ਆਉਣ ਦੀ ਯਾਦਗਾਰ ਬਣੀ ਹੋਈ ਹੈ। ਸਾਡੇ ਅੰਦਾਜ਼ੇ ਅਨੁਸਾਰ ਸਾਹਿਬ ਪਹਿਲੀ ਉਦਾਸੀ ਵੇਲੇ ਜਦੋਂ ਸੁਲਤਾਨਪੁਰ ਤੋਂ ਰਵਾਨਾ ਹੋਏ ਸਨ ਤਾਂ ਉਦੋਂ ਵੀ ਵੈਰੋਵਾਲ ਗਏ ਸਨ। ਸੋ ਇਸ ਬਾਬਤ ਵੇਖੋ ਸਫਾ 74.

ਵੈਰੋਵਾਲ ਤੋਂ 32 ਕਿ. ਮੀ ਦਾ ਪੈਂਡਾ ਤਹਿ ਕਰ ਭਾਵ ਗੋਇੰਦਵਾਲ, ਤਲਵੰਡੀ ਚੌਧਰੀਆਂ ਥਾਂਣੀ ਹੁੰਦੇ ਹੋਏ ਸਾਹਿਬ ਨੇ ਜਾ ਭੈਣ ਦੇ ਦਰਵਾਜੇ ਤੇ ਸਤਿਕਰਤਾਰ ਕਿਹਾ।

-----◈-----

## ਸਤਿ ਕਰਤਾਰ ਦਾ ਅਵਾਜਾ ਸੁਣ ਭੈਣ ਨਾਨਕੀ ਗੱਦ ਗੱਦ ਹੋ ਉਠੀ।

ਸੁਲਤਾਪੁਰ ਲੋਧੀ ਪਹੁੰਚ ਗਇਆ ਬਾਬਾ

ਕਤਕ ਪੂਰਨਮਾਸ਼ੀ 1582 ਮੁਤਾਬਿਕ 1525 ਈ ਨੂੰ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਸਨ।○

ਜਦੋਂ ਗੁਰੂ ਸਾਹਿਬ ਨੇ ਵਿਹੜੇ ਪਹੁੰਚ ਸਤਿ ਕਰਤਾਰ ਦਾ ਜੈਕਾਰਾ ਲਾਇਆ ਭੈਣ ਨਾਨਕੀ ਬਾਗੋ ਬਾਗ ਹੋ ਉਠੀ। "ਨੀ ਮੇਰੇ ਧੰਨ ਭਾਗ ਮੇਰਾ ਪਹਾੜੀ ਵੀਰ ਆਇਆ, ਸ਼ੁਕਰ ਹੈ ਨਿਰੰਕਾਰ ਦਾ।" ਬੇਬੇ ਨੇ ਸੁੱਖ ਸੁਨੇਹਾ ਪੁੱਛਿਆ ਕਿ ਕਿਵੇ ਰਹੀ ਪਹਾੜਾਂ ਦੀ ਯਾਤਰਾ। ਕਰਤਾਰਪੁਰ (ਪੱਖੋਕੇ) ਦਾ ਜੋ ਹਾਲ ਸੁਣਿਆ ਸੀ ਦੱਸਿਆ।

ਉਸੇ ਵੇਲੇ ਨੌਕਰ ਚਾਕਰ ਬਜਾਰ ਘੱਲ ਦਿੱਤੇ। ਘਰ ਵਿੱਚ ਵਿਆਹ ਵਾਲਾ ਮਹੌਲ ਬਣ ਗਿਆ। ਨਾਨਕ ਦਾ ਆਉਣਾ ਸੁਣ ਕੇ ਹਰ ਵੱਡਾ ਛੋਟਾ ਦੌੜਾ ਆ ਰਿਹਾ ਸੀ। ਗੱਲ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ ਸੀ। ਕੁਝ ਦੁਖੀਏ ਦਰਦਵੰਦ, ਕੁਝ ਰੂਹਾਨੀਅਤ ਦੇ ਸ਼ੁਦਾਈ, ਕੁਝ ਤਮਾਸ਼ਬੀਨ, ਬੱਚੇ ਬੁੱਢੇ ਜਵਾਨ, ਆਂਢਣਾਂ ਗਵਾਂਢਣਾਂ ਸਭ ਇਕੱਠੇ ਹੋਈ ਜਾ ਰਹੇ ਸਨ। ਮਰਦਾਨੇ ਨੂੰ ਲੋਕਾਂ ਕਾਬੂ ਕਰ ਲਿਆ ਸੀ। ਸਵਾਲਾਂ ਦੀਆਂ ਬੁਛਾੜਾਂ ਹੋ ਰਹੀਆਂ ਸਨ। "ਹੈਂ, ਤੁਸੀ ਸੁਮੇਰ ਪਰਬਤ ਗਾਹ ਆਏ ਹੋ, ਜਵਾਲਾ ਜੀ ਵੀ, ਬੈਜਨਾਥ ਵੀ।" ਗੁਰੂ ਸਾਹਿਬ ਨੇ ਵੀ ਬਾਹਰ ਆ ਸੰਗਤਾਂ ਨੂੰ ਦਰਸ਼ਨ ਦਿੱਤੇ। ਸਤਿ ਕਰਤਾਰ ਦਾ ਜੈਕਾਰਾ ਲਾਇਆ। ਸੰਗਤਾਂ ਨੂੰ ਸਵੇਰੇ ਵੇਈ ਕੰਢੇ (ਜਿਥੇ ਅਜ ਕਲ ਬੇਰ ਸਾਹਿਬ ਹੈ) ਆਉਣ ਦਾ ਹੁਕਮ ਕਰ ਦਿੱਤਾ। ਦੋ ਚਾਰ ਦਿਨ ਸਮਾਗਮ ਭੱਖਦਾ ਰਿਹਾ। ਗੁਰੂ ਸਾਹਿਬ ਨੇ ਹਰ ਸ਼ਰਧਾਵਾਨ ਨੂੰ ਸ਼ਬਦ ਦੀ ਬਖਸ਼ਸ਼ ਕੀਤੀ। ਰੋਗੀਆਂ ਦੇ ਰੋਗ ਦੂਰ ਕੀਤੇ।

ਦੌਲਤ ਖਾਂ ਦੀ ਗ੍ਰਿਫਤਾਰੀ ਦਾ ਵੀ ਅਫਸੋਸ ਹੋਵੇਗਾ ਗੁਰੂ ਸਾਹਿਬ ਨੂੰ। ਲਹੌਰ ਦੇ ਕਤਲਾਮ ਬਾਰੇ ਵੀ ਗੱਲਾਂ ਬਾਤਾਂ ਹੋਈਆਂ ਹੋਣਗੀਆਂ। ਬਾਦਸ਼ਾਹ ਬਾਬਰ ਦੀ ਹੀ ਚੁਫੇਰੇ ਚਰਚਾ ਸੀ।

-----◈-----

## "ਨਾਂ ਨਾਂ ਭੈਣੋ! ਇਹ ਆਟੇ ਦੇ ਦੀਵੇ ਨਾਲ ਗੱਲ ਨਹੀ ਬਣਨੀ"

ਜਿੰਨੀ ਦਿਨੀਂ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਆਏ ਸਨ ਤਾਂ ਕਤਕ ਦਾ ਮਹੀਨਾ ਸੀ ਤੇ ਪੁੰਨਿਆ ਵਾਲੇ ਦਿਨ ਗੁਰੂ ਸਾਹਿਬ ਨੇ ਵੇਖਿਆ ਕਿ ਸਭ ਜਨਾਨੀਆਂ ਇਕੱਠੀਆਂ ਹੋ ਕੇ ਵਰਤਾਂ ਦੇ ਆਖਰੀ ਦਿਨ ਵੇਈ ਨਦੀ ਤੇ ਰਸਮ ਅਨੁਸਾਰ, ਤੁਲ੍ਹਾ (ਲਕੜੀ ਜਾਂ ਘਾਹ ਫੂਸ ਦੇ ਗੱਠੇ) ਬਣਾ ਉੱਤੇ ਆਟੇ ਦੇ ਦੀਵੇ ਬਾਲ ਠੇਲ ਰਹੀਆਂ ਸਨ। ਪਾਣੀ ਤੇ ਬਲਦਾ ਜਾਂਦਾ ਤਰਦਾ ਦੀਵਾ ਸ਼ੁੱਭ ਮੰਨਿਆ ਜਾਂਦਾ ਸੀ।

ਗੁਰੂ ਸਾਹਿਬ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਕਿ ਤੁਹਾਡਾ ਇਹ ਕਰਮ ਕਾਂਡ ਵਿਅੱਰਥ ਹੈ ਜਿਸ ਨਾਲ ਤੁਹਾਨੂੰ ਕੋਈ ਲਾਭ ਨਹੀ ਪਹੁੰਚਣ ਵਾਲਾ।

ਉਨਾਂ ਫਰਮਾਇਆ ਭੈਣੋ ਜੇ ਸੱਚ ਮੁੱਚ ਇਸ ਭਵਸਾਗਰ ਤੋਂ ਪਾਰ ਲੰਘਣਾ ਹੈ ਤਾਂ ਤੁਲਹਾ ਬਣਾਉ ਇਸ ਸਰੀਰ ਦਾ। ਆਪਣੀ ਸੁਰਤ ਨੂੰ ਜਗਦਾ ਹੋਇਆ ਦੀਵਾ ਬਣਾਓ। ਬੰਦਾ ਨੇਕ ਕਰਨੀ ਵਾਲਾ ਹੋਏ। ਫਿਰ ਵੇਖਣਾ ਐਹੋ ਜਿਹਾ ਭਾਬੜ ਮੱਚੇਗਾ ਕਿ ਕੋਈ ਪਾਣੀ ਇਸ ਦੀਵੇ ਨੂੰ ਬੁਝਾ ਨਹੀ ਪਾਏਗਾ।

ਗੁਰੂ ਸਾਹਿਬ ਨੇ ਸ਼ਬਦਾ ਕਿਹਾ✚:-

॥ ਰਾਮਕਲੀ ਮਹਲਾ ੧ ॥ ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥ ਅੰਤਰਿ ਭਾਹਿ ਤਿਸੈ ਤੂ ਰੱਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥ ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥ ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥ ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥੨॥ ਆਪੇ ਨਦਰਿ ਕਰੇ ਜਾ ਸੋਇ ॥ ਗੁਰਮੁਖਿ ਵਿਰਲਾ ਬੂਝੈ ਕੋਇ ॥ ਤਿਤੁ ਘਟਿ ਦੀਵਾ ਨਿਹਚਲੁ ਹੋਇ ॥ ਪਾਣੀ ਮਰੈ ਨ ਬੁਝਾਇਆ ਜਾਇ ॥ ਐਸਾ ਦੀਵਾ ਨੀਰਿ ਤਰਾਇ ॥੩॥ ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥ ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥ ਨਿਰਤਿ ਨ ਪਾਈਆ ਗਣੀ ਸਹੰਸ ॥ ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥੪॥੭॥*

ਸੁਲਤਾਨਪੁਰ ਰੌਣਕਾਂ ਭਖ ਰਹੀਆਂ ਸਨ। ਚਾਰ ਪੰਜ ਦਿਨ ਇਥੇ ਰਹਿ ਗੁਰੂ ਸਾਹਿਬ ਕਰਤਾਰਪੁਰ ਨੂੰ ਚਲੇ ਗਏ।

—▲—

ਪੈੜ ਸਫਾ

✚ ਇਹ ਬਾਣੀ ਚਰਪੱਟ ਵਣੀ 'ਚ ਰਚੀ ਗਈ ਬਾਣੀ ਦੇ ਤੁਰੰਤ ਬਾਦ ਆਈ। ਜਿਸ ਦਾ ਮਤਲਬ ਹੈ ਕਿਸੇ ਨਦੀ ਨਾਲੇ ਕਿਨਾਰੇ ਸਨ ਗੁਰੂ ਸਾਹਿਬ ਜਦੋਂ ਇਹ ਰਚੀ ਗਈ। ਸੰਭਾਵਨਾ ਸੁਲਤਾਨਪੁਰ ਲੋਧੀ ਦੀ ਹੀ ਬਣਦੀ ਹੈ। ਰਾਵੀ ਜਾਂ ਬਿਆਸ ਕੰਢੇ ਸ਼ਾਮ ਨੂੰ ਗੁਰੂ ਸਾਹਿਬ ਦਾ ਹੋਣਾ ਕਿਸੇ ਤਰਾਂ ਇਤਹਾਸ ਤੱਥਾਂ ਨਾਲ ਮੇਲ ਨਹੀ ਖਾਂਦਾ।

ਗਿਆਨੀ ਜੀ ਨੇ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਕਤਕ ਦੇ ਮਹੀਨੇ ਸੁਲਤਾਨਪੁਰ ਸਨ। ਫਿਰ ਇਹ ਗੱਲ ਗੁਰਬਾਣੀ ਤੋਂ ਵੀ ਸਾਬਤ ਹੋ ਰਹੀ ਹੈ। ਬਾਕੀ ਸਾਲ ਦਾ ਤਾਂ ਅੱਜ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ।

ਗਿਆਨੀ -226. ਬੇਬੇ ਜੀ ਤੇ ਭਾਈਆ ਜੈਰਾਮ ਦਾ ਚਲਾਣਾ ਕਤਕ 1575 ਬਿ. (1518 ਈ) ਹੋਣਾ ਲਿਖਿਆ ਹੈ। ਪਰ ਦੂਸਰੇ ਪਾਸੇ ਬਾਲਾ ਲਿਖਦਾ ਹੈ ਕਿ ਗੁਰੂ ਸਾਹਿਬ ਚੌਥੀ ਉਦਾਸੀ ਵਿਚੇ ਛੱਡ ਕੇ ਬੇਬੇ ਨੂੰ ਮਿਲਣ ਆਏ ਸਨ। ਨਾਲੇ ਬੇਦੀਆਂ ਵਿੱਚ ਜੋ ਸੀਨਾ ਬਸੀਨਾ ਗੱਲ ਚਲਦੀ ਆ ਰਹੀ ਹੈ ਉਸ ਮੁਤਾਬਿਕ ਬੇਬੇ ਜੀ ਦਾ ਚਲਾਣਾ ਬਾਬਾ ਜੀ ਤੋਂ ਬਾਦ ਹੁੰਦਾ ਹੈ।

ਸਠਿਆਲਾ, ਬੁਢਾ ਥੇਹ ਅਤੇ ਠੱਠੀਆਂ - ਸਾਈਕਲ ਯਾਤਰੀ- 356

ਬਾਬ-56

# ਬਟਾਲਾ ਸਮਾਗਮ ਅਤੇ ਉਦੋਕੇ ਦੀ ਈਸਰੀ

1525 ਈ. ਦੇ ਦਿਨ ਨੇ। 1520/21 ਸੈਦਪੁਰ ਸਰੋਏ ਦੀ ਬਰਬਾਦੀ ਤੋਂ ਬਾਦ 1524 ਈ ਵਿਚ ਦੀਪਾਲਪੁਰ ਅਤੇ ਲਹੌਰ ਦਾ ਕਤਲੇਆਮ ਵੀ ਹੋ ਚੁੱਕਾ ਹੈ। ਖਬਰ ਹੈ ਨਵਾਬ ਦੌਲਤ ਖਾਂ ਲੋਧੀ ਵੀ ਬਾਬਰ ਦੀ ਗ੍ਰਿਫਤ ਵਿਚ ਹੈ। ਗੁਰੂ ਸਾਹਿਬ ਸੁਲਤਾਨਪੁਰ ਤੋਂ ਕਰਤਾਰਪੁਰ ਨੂੰ ਆ ਰਹੇ ਨੇ। ਲਗਦਾ ਹੈ, ਰਸਤੇ ਵਿਚ ਉਦੋਕੇ ਰਹਿਣਾ ਚੁਣਦੇ ਹਨ। ਉਦੋਕੇ ਓਦੋ ਬਟਾਲੇ ਇਲਾਕੇ ਦਾ ਸਭ ਤੋਂ ਵੱਡਾ ਨਗਰ ਸੀ। ਬਟਾਲੇ ਦੀ ਬਹੁਤੀ ਵਪਾਰੀ ਅਬਾਦੀ ਓਦੋਕੇ ਅਤੇ ਲਾਗਲੇ ਵੱਡੇ ਪਿੰਡਾਂ ਨਗਰਾਂ ਤੋਂ ਹੀ ਉਠ ਕੇ ਗਈ ਹੁੰਦੀ ਹੈ।

## ਉਦੋਕਿਆਂ ਦੀ ਬੀਬੀ ਈਸਰੀ ⊙

✚ ਕਤਕ 1582 ਬਿ.( 1525ਈ.)

ਸੁਲਤਾਨਪੁਰ ਲੋਧੀ ਤੋਂ ਚਲ ਗੁਰੂ ਸਾਹਿਬ ਉਦੋਕੇ ਪਹੁੰਚੇ।

ਗੁਰੂ ਸਾਹਿਬ ਦੇ ਜੱਦੀ ਪਿੰਡ ਪੱਠੇਵਿੰਡ ਦੇ 5 ਕਿ. ਮੀ. ਦੱਖਣ-ਪੱਛਮ ਵਿਚ ਛੋਟਾ ਜਿਹਾ ਪਿੰਡ ਖਾਨ ਛਾਬੜੀ ਹੈ ਜਿੱਥੇ ਗੁਰੂ ਅੰਗਦ ਦੇਵ ਜੀ ਦਾ ਪ੍ਰਸਿੱਧ ਗੁਰਦੁਆਰਾ ਹੈ। ਇਸ ਪਿੰਡ ਵਿਚ ਸਿੱਖੀ ਦਾ ਬੀਜ ਖੁੱਦ ਗੁਰੂ ਨਾਨਕ ਪਾਤਸ਼ਾਹ ਨੇ ਬੀਜਿਆ ਸੀ। ਇਥੋਂ ਦਾ ਚੌਧਰੀ ਡੱਲਾ ਸੰਧੂ ਗੁਰੂ ਸਾਹਿਬ ਦਾ ਸੇਵਕ ਬਣ ਚੁੱਕਾ ਸੀ। ਪਹਿਲੀ ਉਦਾਸੀ ਵੇਲੇ ਜਦੋਂ ਗੁਰੂ ਸਾਹਿਬ ਸੁਲਤਾਨਪੁਰ ਤੋਂ ਨਿਕਲੇ ਤਾਂ ਇਸ ਇਲਾਕੇ ਵਿਚ ਦੀ ਘੁੰਮਦੇ ਘੁੰਮਾਦੇ ਸੈਦਪੁਰ ਵਲ ਗਏ ਸਨ। ਓਦੋ ਜਦੋਂ ਗੁਰੂ ਸਾਹਿਬ ਭਾਈ ਡੱਲੇ ਦੇ ਘਰ ਬਚਨ ਬਿਲਾਸ ਕਰ ਰਹੇ ਸਨ ਤਾਂ ਡੱਲੇ ਦੀ ਛੋਟੀ ਜਿਹੀ ਈਸਰੀ ਨਾਂ ਦੀ ਬਾਲੜੀ ਆਪਣਾ ਹੀ ਰੌਲਾ ਰੱਪਾ ਪਾ ਰਹੀ ਸੀ। ਤਾਂ ਡੱਲੇ ਦੀ ਪਤਨੀ ਜਦੋਂ ਗੁੱਸੇ ਵਿਚ ਆ ਕੁੜੀ ਨੂੰ ਝਿੜਕ ਰਹੀ ਸੀ ਤਾਂ ਗੁਰੂ ਸਾਹਿਬ ਨੇ ਮਾਂ ਨੂੰ ਵਰਜਿਆ ਕਿ ਨਹੀ ਇਸ ਬਾਲੜੀ ਨੂੰ ਕਰਨ ਦਿਓ ਜੋ ਕਰਦੀ ਹੈ। ਕਲ੍ਹ ਨੂੰ ਇਸ ਨੇ ਸਿੱਖੀ ਦਾ ਵੱਡਾ ਪ੍ਰਚਾਰ ਕਰਨਾਂ ਹੈ।

ਸਾਂਹਿਬ ਤਾਂ ਉਪਰੰਤ ਉਦਾਸੀਆਂ ਵਿਚ ਰਹੇ, ਪਰ ਲਗਦੈ ਡੱਲਾ ਗੁਰੂ ਸਾਹਿਬ ਦੀ ਰਾਜੀ ਬਾਜੀ ਦਾ ਪਤਾ ਗਾਹੇ ਬਿਗਾਹੇ ਸਿੱਖਾਂ ਕੋਲੋ ਕਰਦਾ ਰਿਹਾ। ਇਹ ਵੀ ਹੋ ਸਕਦੈ ਕਿ ਡੱਲਾ ਗੁਰੂ ਸਾਹਿਬ ਨੂੰ ਜਾ ਕਰਤਾਰਪੁਰ ਵੀ ਮਿਲਿਆ ਹੋਵੇ। ਮੁੱਕਦੀ ਗੱਲ ਵੱਡੀ ਹੋ ਕੇ ਈਸਰੀ ਪਿੰਡ ਉਦੋਕੇ ਦੇ ਲੰਬੜਦਾਰ ਮੀਆਂ ਦੇ ਪੁੱਤਰ ਬ੍ਰਿਜ ਨਾਲ ਵਿਆਹੀ ਗਈ।

ਉਦੋਕੇ ਬਟਾਲੇ ਤੋਂ ਸਾਰਾ 5 ਕਿ. ਮੀ. ਦੱਖਣ ਹੈ ਅਤੇ ਨਾਲ ਹੀ ਇਕ ਹੋਰ ਪੁਰਾਣਾ ਪਿੰਡ ਜੈਤੋ ਸਰਜਾ ਹੈ। ਗੁਰੂ ਸਾਹਿਬ ਦੇ ਵੇਲਿਆਂ ਵਿਚ ਇਹ ਪਿੰਡ ਚੋਖੀ ਅਹਿਮੀਅਤ ਰੱਖਦਾ ਸੀ। ਬਟਾਲਾ ਅਜੇ ਨਵਾ ਨਵਾਂ ਜੰਮਿਆ ਹੀ ਸੀ। ਪਰ ਭੱਟੀਆਂ ਨੇ ਜਦੋਂ ਬਟਾਲੇ ਵਿਚ ਪੱਕਾ ਕਿਲਾ ਉਸਾਰ ਦਿੱਤਾ ਤਾਂ ਵਪਾਰੀ ਲੋਕ ਬਟਾਲੇ ਵਿਚ ਵਸੇਬਾ ਕਰਨ ਵਿਚ ਕਾਹਲ ਤੇ ਸਨ।

ਉਦੋਕੇ ਵਿਖੇ ਗੁਰੂ ਸਾਹਿਬ ਤਿੰਨ ਚਾਰ ਵੇਰਾਂ ਆਏ ਸਨ। ਤਿੰਨ ਵਾਰੀ ਆਉਣ ਦਾ ਤਾਂ ਇਤਹਾਸਿਕ ਸਬੂਤ ਹੀ ਮਿਲਦਾ ਹੈ। ਐਤਕਾਂ ਵੀ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਵਲੋਂ ਆਏ ਸਨ। ਨਾਲ ਗੁਰੂ ਸਾਹਿਬ ਦੇ ਭਾਈ ਮਰਦਾਨਾ। ਗੁਰੂ ਸਾਹਿਬ ਉਦੋਕੇ ਪਿੰਡ ਦੇ ਬਾਹਰਵਾਰ ਇਕ ਪਿੱਪਲ ਥੱਲੇ ਆ ਬਿਰਾਜੇ। ਜਦੋਂ ਮਰਦਾਨੇ ਨੇ ਬੇਨਤੀ ਕੀਤੀ ਕਿ ਮੈਨੂੰ ਭੁੱਖ ਲੱਗੀ ਹੈ ਤਾਂ ਗੁਰੂ ਸਾਹਿਬ ਨੇ ਉਨੂੰ ਕਿਹਾ ਕਿ ਪਿੰਡ ਵਿਚ ਜਾਓ ਤੇ ਲੰਬੜਦਾਰ ਮੀਆਂ ਦਾ ਘਰ ਪੁੱਛ ਕੇ ਬਾਹਰ ਉੱਚੀ ਜਿਹੀ 'ਸਤਿ ਕਰਤਾਰ' ਦਾ ਅਵਾਜਾ ਲਾਉਣਾ।

ਚੌਧਰੀ ਮੀਆਂ ਦਾ ਪੱਕਾ ਮਕਾਨ ਇਲਾਕੇ ਵਿਚ ਮਸ਼ਹੂਰ ਸੀ। ਮਰਦਾਨਾ ਰਵਾਂ ਰਵੀ ਲੰਬੜਦਾਰ ਦੇ ਘਰ ਪਹੁੰਚ ਗਿਆ।

ਜਿਵੇ ਮਰਦਾਨੇ ਨੇ ਬੂਹੇ ਤੇ ਪਹੁੰਚ ਸਤਿ ਕਰਤਾਰ ਕਿਹਾ ਤਾਂ ਅੰਦਰੋਂ ਬੀਬੀ ਭੱਜੀ ਆਈ ਅਤੇ ਆ ਕੇ ਮੱਥਾ ਟੇਕਿਆ। ਉਹ ਝੱਟ ਪਛਾਣ ਗਈ ਕਿ ਇਹ ਤਾਂ ਗੁਰੂ ਸਾਹਿਬ ਦਾ ਮਰਦਾਨਾ ਹੀ ਹੈ। ਈਸਰੀ ਨੂੰ ਚਾਅ ਚੜ੍ਹ ਗਇਆ। ਪੁੱਛਣ ਲੱਗੀ ਕਿੱਥੇ ਨੇ ਗੁਰੂ ਜੀ? ਮਰਦਾਨੇ ਨੇ ਜਵਾਬ ਦਿੱਤਾ ਕਿ ਸਾਹਿਬ ਤੁਹਾਡੇ ਪਿੰਡ ਦੇ ਛੱਪੜ ਕੰਢੇ ਪਿੱਪਲ ਹੇਠ ਬਿਰਾਜੇ ਹੋਏ ਨੇ। ਬੀਬੀ ਨੇ ਸੇਵਾਦਾਰ ਨੂੰ ਜਲ ਪਾਣੀ ਛਕਾਇਆ ਤੇ ਜ਼ਿੱਦ ਕਰਨ ਲੱਗੀ ਕਿ ਬਾਬਾ ਜੀ ਨੂੰ ਵੀ ਸੱਦ ਕੇ ਲੈ ਆ।

ਸੇਵਾਦਾਰ ਬਾਬਾ ਜੀ ਨੂੰ ਵੀ ਸੱਦ ਲਿਆਇਆ ਤੇ ਬੀਬੀ ਈਸਰੀ ਨੇ ਬੜੇ ਸਤਿਕਾਰ ਨਾਲ ਪ੍ਰਸ਼ਾਦਾ ਛਕਾਇਆ। ਗੁਰੂ ਸਾਹਿਬ ਇਥੇ ਸ਼ਾਮ ਦੇ ਵੇਲੇ ਫਿਰ ਦੀਵਾਨ ਸਜਾਉਦੇ। ਸਵੇਰ ਦਾ ਪ੍ਰਸ਼ਾਦਾ ਰੋਜ ਬੀਬੀ ਈਸਰੀ ਦੇ ਘਰੋਂ ਹੀ ਛੱਕਦੇ।

ਕਣਕ ਜੌਂਆਂ ਛੋਲਿਆਂ ਦੀ ਬਿਜਾਈ ਦੇ ਦਿਨ ਸਨ।

ਲੰਬੜਦਾਰ ਮੀਆਂ ਅੱਜ ਕਲ੍ਹ ਬਾਹਰ ਪੈਲੀਆਂ ਵਿਚ ਹੀ ਆਪਣੇ ਪੁੱਤਰਾਂ ਸਮੇਤ ਰੁੱਝਾ ਰਹਿੰਦਾ। ਇਕ ਦਿਨ ਜਦੋਂ ਛਾਹਵੇਲਾ ਪਹੁੰਚਣ ਵਿਚ ਕੁਵੇਲਾ ਹੋ ਗਇਆ ਤਾਂ ਪੁੱਤਰ ਸ਼ਕਾਇਤ ਕਰ ਰਹੇ ਸਨ। ਓਦੋਂ ਫਿਰ ਨਾਲ-ਦੇ ਕਿਸੇ ਨੇ ਲੰਬੜਦਾਰ ਨੂੰ ਤਾਹਨਾਂ ਮਾਰ ਦਿੱਤਾ ਕਿ ਤੁਹਾਡੀਆਂ ਜਨਾਨੀਆਂ ਸ਼ਾਹਵੇਲਾ ਤੁਹਾਨੂੰ ਪਹੁੰਚਾਉਣ ਕਿ ਸਾਧਾਂ ਨੂੰ?

ਹੱਥ ਵਿਚ ਪ੍ਰਾਣੀ (ਡੰਡਾ), ਚੌਧਰੀ ਮੀਆਂ ਗੁੱਸੇ ਨਾਲ ਭਰਿਆ ਪੀਤਾ ਪਿੰਡ ਨੂੰ ਰਵਾਨਾ ਹੋਇਆ। ਘਰ ਵੜਦਿਆਂ ਚੌਧਰੀ ਦਾ ਗੁੱਸਾ ਹੋਰ ਭਿਆਨਕ ਰੂਪ ਲੈ ਗਇਆ ਜਦੋਂ ਉਸ ਵੇਖਿਆ ਕਿ ਘਰ ਦੀਆ ਜਨਾਨੀਆਂ ਦੋ ਸਾਧਾਂ ਨੂੰ ਰੋਟੀ ਛਕਾ ਰਹੀਆ ਨੇ। ਗਾਲੀਂ ਛਿੜ ਪਿਆ ਕਿ ਏਨਾਂ ਵੇਹਲੜ ਸਾਧਾਂ ਦਾ ਤੁਹਾਨੂੰ ਫਿਕਰ ਹੈ ਬਾਹਰ ਕੰਮ ਕਾਰ ਵਾਲੇ ਬੰਦੇ ਭਾਵੇ ਭੁੱਖੇ ਮਰਨ। ਗੁਰੂ ਸਾਹਿਬ ਨੇ ਜਿਵੇ ਚੌਧਰੀ ਨੂੰ ਗਾਲਾਂ ਕੱਢਣ ਤੋਂ ਵਰਜਿਆ ਤਾਂ ਚੌਧਰੀ ਨੇ ਗੁਰੂ ਸਾਹਿਬ ਦੇ ਲੱਤ ਮਾਰਨੀ ਚਾਹੀ ਪਰ ਲੱਤ ਉਤਾਂਹ ਹੀ ਨਹੀ ਚੁੱਕ ਪਾਇਆ। ਫਿਰ ਗੁਰੂ ਸਾਹਿਬ ਨੂੰ ਮਾਰਨ ਲਈ ਜਿਵੇ ਡੰਡਾ ਉਲਾਰਿਆ ਤਾਂ ਚੌਧਰੀ ਨੂੰ ਤਾਂ ਇਉ ਮਹਿਸੂਸ ਹੋਇਆ ਜਿਵੇ ਬਾਂਹ ਦਾ ਸਾਹ ਸੱਤ ਹੀ ਮੁੱਕ ਜਾਂਦਾ ਹੈ। ਚੌਧਰੀ ਨੂੰ ਤਾਂ ਅਜਿਹਾ

ਗੁੱਸਾ ਆਇਆ ਕਿ ਲਕਵਾ ਮਾਰ ਗਿਆ।

ਚੌਧਰੀ ਅਪਾਹਜ ਹੋ ਚੁੱਕਾ ਸੀ। ਧਰਮੀ ਲੋਕ ਇਹ ਕਹਿ ਰਹੇ ਸਨ ਕਿ ਇਹ ਸਾਧੂ ਦਾ ਸਰਾਫ ਪਿਆ ਹੈ ਚੌਧਰੀ ਨੂੰ।

ਦੂਸਰੇ ਦਿਨ ਜਦੋਂ ਹਕੀਮਾਂ ਨੇ ਜਵਾਬ ਦੇ ਦਿੱਤਾ ਕਿ ਭਾਈ ਤੈਨੂੰ ਲਕਵਾ ਹੋ ਗਇਆ ਹੈ ਜੋ ਲਾ-ਇਲਾਜ ਹੈ ਤਾਂ ਚੌਧਰੀ ਦੀਆਂ ਅੱਖਾਂ ਖੁੱਲੀਆਂ ਕਿ ਗੁੱਸੇ ਵਿਚ ਕੀ ਕਰ ਬੈਠਾਂ ਆਂ। ਪਸਚਾਤਾਪ ਕਰਦਾ ਏ। ਨੂੰਹ ਨਾਲ ਗੱਲ ਕਰਦਾ ਹੈ ਕਿ ਹੋ ਸਕਦੈ ਤੇਰਾ ਸਾਧੂ ਬਾਬਾ ਵੱਡੀ ਕਰਨੀ ਵਾਲਾ ਹੋਵੇ। ਨੂੰਹ ਨੇ ਦੱਸਿਆ ਕਿ ਗੁਰੂ ਨਾਨਕ ਤਾਂ ਭਗਵਾਨ ਦਾ ਰੂਪ ਹਨ। ਕੀ ਤੁਸਾਂ ਨਹੀ ਸੁਣਿਆ ਗੁਰੂ ਸਾਹਿਬ ਬਾਰੇ? ਚੌਧਰੀ ਨੇ ਕਿਹਾ ਕਿ ਮੈਨੂੰ ਕੁਝ ਪਤਾ ਨਹੀ ਸੀ ਮੈਂ ਤਾਂ ਇਹੋ ਸਮਝਿਆ ਕਿ ਕੋਈ ਪਾਖੰਡੀ ਸਾਧੂ ਬੈਠਾ ਹੈ।



ਕੋਠਾ ਸਾਹਿਬ ਉਦੋਕੇ

ਚੌਧਰੀ ਨੂੰਹ ਦੇ ਅੱਗੇ ਤਰਲਾ ਮਾਰਦਾ ਏ ਕਿ ਬਾਬੇ ਅੱਗੇ ਹੱਥ ਪੱਲਾ ਜੋੜ ਕੇ ਵੇਖ, ਜੇ ਮੇਰੀ ਜਿੰਦਗੀ ਬਚ ਜਾਏ ਤਾਂ।

ਈਸਰੀ ਸਵੇਰੇ ਸਵਾਦੀ ਭੋਜਨ ਤਿਆਰ ਕਰਕੇ ਸਹੁਰੇ ਨੂੰ ਗੱਡੇ ਤੇ ਪਾ, ਗੁਰੂ ਸਾਹਿਬ ਦੇ ਡੇਰੇ ਤੇ ਪਹੁੰਚਦੀ ਹੈ।ਮਰਦਾਨਾ ਗੁਰੂ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਬਾਬਾ ਜੀ ਈਸਰੀ ਆਈ ਹੈ। ਈਸਰੀ ਨੇ ਜਿਵੇ ਗੁਰੂ ਸਾਹਿਬ ਦੇ ਚਰਨ ਛੂਹੇ ਬਾਬਾ ਜੀ ਨੇ ਈਸਰੀ ਦੇ ਸਿਰ ਹੱਥ ਰੱਖਿਆ। ਈਸਰੀ ਦਾ ਘਰ ਵਾਲਾ ਬ੍ਰਿਜ ਤੇ ਦੇਵਰ ਚੌਧਰੀ ਨੂੰ ਵੀ ਗੁਰੂ ਸਾਹਿਬ ਦੇ ਚਰਨਾਂ ਤੇ ਲਿਜਾਂਦੇ ਨੇ। ਈਸਰੀ ਨੇ ਬੜੀ ਅਧੀਨਗੀ ਸਾਹਿਤ ਬੇਨਤੀ ਕੀਤੀ ਕਿ ਤੁਸੀ ਬਖਸ਼ਣਹਾਰ ਹੋ ਮੇਰੇ ਸਹੁਰੇ ਨੂੰ ਬਖਸ਼ ਦਿਓ। ਮੀਆਂ ਵੀ ਅੱਖਾਂ ਵਿਚ ਹੰਝੂ ਲੈ ਕੇ ਚਰਨਾਂ ਤੇ ਢਹਿਆ।

ਗੁਰੂ ਸਾਹਿਬ ਨੇ ਕਿਹਾ ਪਿੰਡ ਵਿਚ ਧਰਮਸਾਲ ਬਣਾਓ। ਚੌਧਰੀ ਮੀਏਂ ਨੇ ਕਿਹਾ ਜਿਹੋ ਜਿਹੀ ਮਰਜੀ ਧਰਮਸਾਲ ਦਾ ਹੁਕਮ ਕਰੋ ਬਣਵਾ ਦਿੰਨਾ ਵਾਂ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀ ਆਪ ਬਣਾਓ, ਆਪ ਸੇਵਾ ਕਰੋ।

ਧਰਮਸਾਲ ਦੀ ਉਸਾਰੀ ਦਾ ਕੰਮ ਸ਼ੁਰੂ ਹੋਇਆ। ਲੰਙੇਵਾਹ ਚੌਧਰੀ ਨੇ ਜਿਵੇ ਕੰਧ ਕੱਢਣ ਲਈ ਗਾਰੇ ਦੀ ਘਾਣੀ ਗੋਡਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤਾਂ ਉਹਦੀ ਲੱਤ ਚਲ ਪਈ। ਉੱਚੀ ਉੱਚੀ ਦੁਹਾਈ ਦੇਣ ਲੱਗ ਪਿਆ, 'ਧੰਨ ਬਾਬਾ ਨਾਨਕ। ਧੰਨ ਗੁਰੂ ਨਾਨਕ'। ਮੀਆਂ ਤਾਂ ਗਾਰੇ ਵਿਚ ਹੀ ਲੇਟੇ ਮਾਰੀ ਜਾਵੇ। ਏਸੇ ਤਰਾਂ ਕੰਮ ਕਰਦਿਆਂ ਹੱਥ ਵੀ ਰਾਜੀ ਹੋ ਗਿਆ।

ਇਲਾਕੇ ਵਿਚ ਇਕ ਦਮ ਧੁੰਮ ਪੈ ਗਈ। ਬਟਾਲੇ ਦੇ ਲੋਕ ਪਹਿਲਾਂ ਹੀ ਗੁਰੂ ਸਾਹਿਬ ਨੂੰ ਜਾਣ ਚੁੱਕੇ ਸਨ। ਉਦੋਕੇ ਤਾਂ ਰੋਜ ਸ਼ਾਮੀ ਮੇਲਾ ਲਗਣਾ ਸ਼ੁਰੂ ਹੋ ਗਇਆ।

ਧਰਮਸਾਲ ਦਾ ਜਿਹੜਾ ਕੋਠਾ ਉਸਾਰਿਆ ਸੀ, ਇਕ ਦਿਨ ਮੀਂਹ ਕਾਰਨ ਕੰਧ ਦੀ ਨੁੱਕਰ ਡਿੱਗਣ ਲੱਗੀ ਸੀ ਕਿ ਗੁਰੂ ਸਾਹਿਬ ਨੇ ਇਕ ਲੱਕੜ, ਸ਼ਤੀਰ ਦੇ ਥੱਲੇ ਦੁਆ ਦਿੱਤੀ। ਚੌਧਰੀ ਕਹਿਣ ਲੱਗਾ ਬਾਬਾ ਜੀ ਹੁਕਮ ਕਰੋ ਪੱਕਾ ਕੋਠਾ ਪਾ ਦਿੰਦੇ ਹਾਂ? ਗੁਰੂ ਸਾਹਿਬ ਨੇ ਕਿਹਾ ਕਿ ਇਹ ਕੱਚਾ ਕੋਠਾ ਵੀ ਪੱਕਿਆਂ ਸਮਾਨ ਹੈ। ਗੁਰੂ ਸਾਹਿਬ ਇਸ਼ਾਰਾ ਦੇ ਰਹੇ ਸਨ ਕਿ ਇਲਾਕੇ ਵਿਚ ਸਿੱਖੀ ਦਾ ਮਹਿਲ ਪੱਕਾ ਬਣਨ ਵਾਲਾ ਹੈ।

ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਸ਼ਬਦ ਸਿਰੀ ਰਾਗ ਵਿਚ ਉਚਾਰਿਆ:-◆

ਸਿਰੀਰਾਗੁ ਮਹਲਾ ੧ ॥ ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥ ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥ ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥ ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥ ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥ ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥ ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥ ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥ ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥ ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥ ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥ ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥ ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥ ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥ ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ ॥ ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥

ਜਦੋਂ ਗੁਰੂ ਸਾਹਿਬ ਉਦੋਕੇ ਤੋਂ ਰਵਾਨਾ ਹੋਣਾਂ ਸੀ ਤਾਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਨੂੰ ਯਾਦਗਾਰ ਦੇ ਤੌਰ ਤੇ ਤੇ ਕੋਈ ਚੀਜ਼ ਬਖਸ਼ੋ, ਜੋੜਾ ਆਦਿ। ਗੁਰੂ ਸਾਹਿਬ ਨੇ ਕਿਹਾ ਕਿ ਇਹ ਸ਼ਤੀਰ ਦੇ ਥੱਲੇ ਜਿਹੜਾ ਤੋੜਾ ਦਿੱਤਾ ਹੈ ਇਹ ਮੇਰੀ ਆਮਦ ਦੀ ਤੁਹਾਨੂੰ ਯਾਦ ਦਿਵਾਇਆ ਕਰੇਗਾ। ਉਹ ਤੋੜਾ ਅੱਜ ਵੀ ਮੌਜੂਦ ਹੈ ਤੇ ਥੰਮ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ। ਇਥੋਂ ਦਾ

ਗੁਰਦੁਆਰਾ ਕੋਠਾ ਸਾਹਿਬ ਹੀ ਕਹਾਉਂਦਾ ਆਇਆ ਹੈ, ਕਿਉਂਕਿ ਇਥੇ ਗੁਰੂ ਸਾਹਿਬ ਦੇ ਹੱਥੀ ਕੋਠਾ ਬਣਿਆ ਸੀ। 1931 ਈ. ਵਿਚ ਜਦੋਂ ਸਾਈਕਲ ਯਾਤਰੀ ਇਥੇ ਆਇਆ ਤੋਂ ਓਹੋ ਕੱਚਾ ਕੋਠਾ ਸਲਾਮਤ ਸੀ ਅਤੇ ਅਸਥਾਨ ਦਾ ਨਾਂ ਕੋਠਾ ਸਾਹਿਬ ਹੀ ਸੀ। ਇਤਹਾਸਿਕ ਗ੍ਰੰਥਾਂ ਵਿਚ ਇਸ ਨੂੰ ਕੋਠਾ ਸਾਹਿਬ ਹੀ ਲਿਖਿਆ ਹੈ।**** ਬਾਦ ਵਿਚ ਗੁਰਸਿੱਖਾਂ ਨੇ ਇਥੇ ਪੱਕਾ ਅਸਥਾਨ ਬਣਾ ਦਿੱਤਾ ਹੈ ਤੇ ਉਹ ਤੋੜਾ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਸਾਂਭਿਆ ਪਿਆ ਹੈ। ਪ੍ਰਬੰਧਕਾਂ ਨੇ ਹੁਣ ਅਸਥਾਨ ਦਾ ਨਾਂ ਥੰਮ ਸਾਹਿਬ ਕਰ ਦਿੱਤਾ ਹੈ।)


ਥੰਮ ਸਾਹਿਬ। ਦਰ ਅਸਲ ਨਾਂ ਠੁਮਣੀ ਸਾਹਿਬ ਹੋਣ ਚਾਹੀਦਾ ਹੈ। ਕਿਉਂਕਿ ਢੱਠ ਰਹੇ ਕੋਠੇ ਦੇ ਸ਼ਤੀਰ ਥੱਲੇ ਗੁਰੂ ਸਾਹਿਬ ਨੇ ਠੁਮਣੀ ਦਿਵਾਈ ਸੀ। ਉਹ ਕੋਠਾ ਜੋ 400 ਸਾਲ ਤਕ ਮੌਜੂਦ ਰਿਹਾ ਹੈ।

ਇਥੋਂ ਦਾ ਇਕ ਹੋਰ ਕੌਤਕ ਵੀ ਪ੍ਰਸਿਧ ਹੈ।

## ਜਦੋਂ ਅੱਖ ਦੇ ਫੋਰ ਵਿਚ ਹੀ ਲਹੌਰ ਮਾਮਲਾ ਤਾਰ ਦਿੱਤਾ।

ਕਿਉਂਕਿ ਮੀਆਂ ਪਿੰਡ ਦਾ ਲੰਬੜਦਾਰ ਸੀ ਤੇ ਹਰ ਛਿਮਾਈ ਤੇ ਉਸ ਨੂੰ ਲਹੌਰ ਮਾਮਲਾ ਤਾਰਨ ਜਾਣਾ ਪੈਂਦਾ ਸੀ। ਜਿਵੇ ਕਿ ਉਪਰ ਆ ਚੁੱਕਾ ਹੈ ਬਟਾਲਾ ਸ਼ਹਿਰ ਦੀ ਨੀਹ ਰੱਖਿਆਂ ਅਜੇ ਮਸਾਂ 65 ਕੁ ਸਾਲ ਹੀ ਹੋਏ ਸਨ। ਅਜੇ ਇਥੇ ਕ੍ਰੋੜੀਏ ਭਾਵ ਟੈਕਸ ਕਲੈਕਟਰ ਦੀ ਥਾਪਣਾ ਨਹੀ ਸੀ ਹੋਈ। ਅਮੂਮਨ ਜਦੋਂ ਲੰਬੜਦਾਰ ਮਾਮਲਾ ਤਾਰਨ ਜਾਂਦੇ ਸਨ ਤਾਂ ਇਕੱਠੇ ਹੋ ਕੇ ਜਾਂਦੇ ਸਨ। ਹਾਲਾਂ ਕੁਝ ਲੰਬੜਾਂ ਕੋਲ ਘੋੜੀਆਂ ਵੀ ਹੁੰਦੀਆਂ ਸਨ ਪਰ ਬਹੁਤੇ ਪੈਦਲ ਹੀ ਜਾਇਆ ਕਰਦੇ ਸਨ ਤੇ ਲਹੌਰ ਜਾਣ- ਆਉਣ ਵਿਚ ਦੋ ਚਾਰ ਦਿਨ ਲੱਗ ਹੀ ਜਾਇਆ ਕਰਦੇ ਸਨ। ਪਾਠਕ ਪੜ੍ਹ ਕੇ ਹੈਰਾਨ ਨਾਂ ਹੋਣ ਬਟਾਲਾ ਤੋਂ ਲਹੌਰ ਲਈ ਟਾਂਗੇ 1947 ਈ ਤੱਕ ਆਮ ਚਲਦੇ ਹੁੰਦੇ ਸਨ।

ਇਸੇ ਤਰਾਂ ਜਦੋਂ ਗੁਰੂ ਸਾਹਿਬ ਉਦੋਕੇ ਵਿਚ ਬਿਰਾਜੇ ਹੋਏ ਸਨ ਤਾਂ ਮੀਆਂ ਨੂੰ ਲੰਬੜਾਂ ਦਾ ਸੁਨੇਹਾ ਆ ਗਇਆ ਕਿ ਕਲ੍ਹ ਨੂੰ ਲਹੌਰ ਰਵਾਨਾ ਹੋਣਾ ਹੈ। ਦੂਸਰੇ ਪਾਸੇ ਰੋਜ ਸ਼ਾਮੀ ਇਲਾਕੇ ਦੀ ਸੰਗਤ ਜੁੜਦੀ ਸੀ। ਅਤੇ ਮੀਆਂ ਧਰਮਸਾਲ ਦਾ ਸਾਰਾ ਪ੍ਰਬੰਧ ਵੇਖ ਰਿਹਾ ਸੀ ਜਦੋਂ ਸੰਗਤਾਂ ਦੀ ਆਮਦ ਬਹੁਤ ਜਿਆਦਾ ਸੀ। ਚੌਧਰੀ ਨੇ ਜਦੋਂ ਗੁਰੂ ਸਾਹਿਬ ਤੋਂ ਲਹੌਰ ਵਲ ਕੂਚ ਕਰਨ ਦੀ ਇਜਾਜਤ ਮੰਗੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੂੰ ਲੰਬੜਦਾਰਾਂ ਨੂੰ ਜਾਣ ਦੇ। ਤੁਸੀ ਵੱਖਰੇ ਜਾਣਾ।

ਤੀਸਰੇ ਦਿਨ ਫਿਰ ਗੁਰੂ ਸਾਹਿਬ ਨੇ ਚੌਧਰੀ ਨੂੰ ਕਿਹਾ ਸੋ ਅੱਜ ਤੇਰੀ ਮਾਮਲੇ ਦੀ ਤਾਰੀਖ ਹੈ ਤੇ ਤੂੰ ਤਿਆਰੀ ਕਰ। ਜਦੋਂ ਮੀਆਂ ਅਸ਼ਰੱਫੀਆਂ ਦੀ ਪੋਟਲੀ ਲੈ ਤਿਆਰ ਹੋ ਗਇਆ। ਗੁਰੂ ਸਾਹਿਬ ਨੇ ਮੀਆਂ ਨੂੰ ਕਿਹਾ ਤੈਨੂੰ ਸਰੀਰਕ ਤੌਰ ਤੇ ਯਾਤਰਾ ਕਰਨ ਦੀ ਜਰੂਰਤ ਨਹੀ ਬਸ ਤੂੰ ਆ ਸਾਡੇ ਕੋਲ ਬੈਠ, ਅੱਖਾਂ ਮੀਟ ਤੇ ਸਤਿ ਕਰਤਾਰ ਦਾ ਜਾਪ ਕਰ। ਮੀਆਂ ਗੁਰੂ ਸਾਹਿਬ ਦੇ ਚਰਨਾਂ ਵਿਚ ਬੈਠਾ 'ਸਤਿ ਕਰਤਾਰ ਸਤਿ ਕਰਤਾਰ' ਉਚਾਰ ਰਿਹਾ ਸੀ ਕਿ ਗੁਰੂ ਸਾਹਿਬ ਨੇ ਉਹਦੇ ਸਿਰ ਤੇ ਹੱਥ ਰੱਖਿਆ। ਮੀਆਂ ਤਾਂ ਇਕ ਤਰਾਂ ਨਾਲ ਲਹੌਰ ਬੈਠਾ ਸੀ। ਵਾਰੀ ਸਿਰ ਉਹਨੂੰ ਦੀਵਾਨ ਵਲੋਂ ਅਵਾਜ ਪਈ। ਉਸ ਨੇ ਮਾਮਲਾ ਤਾਰਿਆ।

ਬਾਦ ਵਿਚ ਪਤਾ ਲੱਗਾ ਕਿ ਜਿਵੇ ਗੁਰੂ ਸਾਹਿਬ ਨੇ ਮੀਆਂ ਦੇ ਸਿਰ ਹੱਥ ਰੱਖਿਆ ਸੀ ਉਹ ਲਹੌਰ ਦੇ ਦੀਵਾਨਖਾਨੇ ਵਿਚ ਸੀ। ਉਨੂੰ ਪਿੰਡ 'ਉਚੋਕੇ' ਦੇ ਨਾਂ ਤੋਂ ਹੀ ਅਵਾਜ ਪਈ ਤੇ ਉਸ ਆਪਣਾ ਮਾਮਲਾ ਤਾਰਿਆ। ਓਥੇ ਵਾਰੀ ਉਡੀਕਦੇ ਬਾਕੀ ਲੰਬੜਦਾਰ ਮੀਆਂ ਨੂੰ ਵੇਖ ਕੇ ਹੈਰਾਨ ਸਨ ਕਿ ਇਹ ਕਦੋਂ ਤੇ ਕਾਹਦੇ ਤੇ ਇਥੇ ਪਹੁੰਚ ਗਇਆ ਹੈ। ਤੇ ਫਿਰ ਜਿਵੇ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਸੀ ਮੀਆਂ ਨੇ ਸਤਿ ਕਰਤਾਰ ਕਿਹਾ ਤੇ ਵਾਪਸ ਉਦੋਕੇ ਧਰਮਸਾਲ ਵਿਚ ਗੁਰੂ ਸਾਹਿਬ ਦੇ ਚਰਨਾਂ ਵਿਚ ਬੈਠਾ ਸੀ।


ਕਿਹਾ ਜਾਂਦਾ ਹੈ ਉਦੋਕਿਆ ਦੇ ਇਸ ਖੂਹ ਵਿਚ ਤਿੰਨ ਸਿਲਲੇਖ ਹੁੰਦੇ ਸਨ। ਸਾਈਕਲ ਯਾਤਰੀ ਨੇ ਵੀ ਤਿੰਨ ਸਿਲਲੇਖ ਹੋਣਾਂ ਲਿਖਿਆ ਹੈ। ਇਹ ਸਿਲਾਂ ਗੁਰਮੁਖੀ ਲਿਪੀ ਦੇ ਵਿਕਾਸ ਦੀ ਵੱਡੀ ਕੜੀ ਹੈ। ਸਾਫ ਤੌਰ ਦੇ ਗੁਰਮੁਖੀ ਦਾ ਮੁਢਲਾ ਰੂਪ ਨਜਰ ਆਉਂਦਾ ਹੈ।◘ ਥੋੜੀ ਮਿਹਨਤ ਕਰਨ ਤੇ ਪੜ੍ਹਨ ਵਿਚ ਆਇਆ ਹੈ: "ਸਤਿ ਕਰਤਾਰ ਗੁਰੂ ਨਾਨਕ ਸੰਬਤ 1618 ਵਰਖ ਮਾਹ ....। ਜਿਸ ਦਾ ਮਤਲਬ ਹੈ 1561 ਈ. ਭਾਵ ਗੁਰੂ ਅਮਰ ਦਾਸ ਦੀ ਗੁਰਿਆਈ ਕਾਲ ਦੇ ਵੇਲੇ ਇਹ ਸਿੱਲ ਲਾਈ ਗਈ ਸੀ। ਨਗਰ ਨਿਵਾਸੀ ਸ਼ਾਬਾਸ਼ ਦੇ ਲਾਇਕ ਹਨ ਕਿ ਉਹਨਾਂ ਨੇ ਇਹ ਖੂਹ ਸੰਭਾਲਣ ਮੌਕੈ ਇਸ ਦੇ ਐਨ ਉਪਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾ ਕੇ ਖੂਹ ਨੂੰ ਸਦਾ ਲਈ ਬਚਾ ਲਿਆ ਹੈ।

ਇਸ ਚਮਤਕਾਰ ਨੇ ਵੀ ਇਲਾਕੇ ਵਿਚ ਤਹਿਲਕਾ ਮਚਾ ਦਿੱਤਾ ਸੀ।।

ਇਕ ਹੋਰ ਸਾਖੀ ਵੀ ਇਸ ਪਿੰਡ ਨਾਲ ਸਬੰਧ ਰੱਖਦੀ ਹੈ।

## ਏਥੋਂ ਦੇ ਇਕ ਖੂਹ ਵਿਚ ਬਾਬੇ ਦਾ ਵੀ ਹਿੱਸਾ!

ਇਕ ਹੋਰ ਮੌਕੇ ਜਦੋਂ ਇਹ ਲੰਬੜਦਾਰਾਂ ਦਾ ਪ੍ਰਵਾਰ ਪਿੰਡ ਵਿਚ ਖੂਹ ਲੁਆ ਰਿਹਾ ਸੀ ਤਾਂ ਦਿਨ ਵੇਲੇ ਪੁੱਟ ਕੇ ਆਇਆ ਕਰਨ ਤੇ ਸਵੇਰੇ ਖੂਹ ਦਾ ਟੋਆ ਪੂਰਿਆ ਮਿਲਿਆ ਕਰੇ। ਰੋਜ ਰਾਤ ਢਿੱਗਾਂ ਡਿੱਗਦੀਆਂ ਸਨ। ਤੰਗ ਆ ਕੇ ਇਕ ਦਿਨ ਲੰਬੜ ਤੀਸਰੇ ਪਾਤਸ਼ਾਹ ਗੁਰੂ ਗੁਰੂ ਅਮਰ ਦਾਸ ਸਾਹਿਬ ਦੇ ਹਾਜਰ ਹੋਏ ਅਤੇ ਫਰਿਆਦ ਕੀਤੀ ਕਿ ਖੂਹ ਪੁੱਟਣਾ ਸ਼ੁਰੂ ਕੀਤਾ ਸੀ ਪਰ ਰਕਾਵਟਾਂ ਆਈ ਜਾ ਰਹੀਆਂ ਨੇ। ਗੁਰੂ ਸਾਹਿਬ ਨੇ ਹਾਸੇ ਮਖੌਲ ਵਿਚ ਕਹਿ ਦਿੱਤਾ ਕਿ ਭਾਈ ਠੀਕ ਹੈ ਖੂਹ ਵਿਚ ਗੁਰੂ ਨਾਨਕ ਦਾ ਹਿੱਸਾ ਪਾ ਦਿਓ ਆਪੇ ਚਲ ਪਏਗਾ।

ਉਹਨਾਂ ਏਸੇ ਤਰਾਂ ਹੀ ਕੀਤਾ। ਖੂਹ ਵਿਚ ਮਾਲਕੀ ਦੀਆ ਤਿੰਨ ਇੱਟਾਂ ਲਗੀਆ ਹੋਈਆਂ ਸਨ। ਜਿੰਨਾਂ ਵਿਚੋਂ ਦੋ ਅੱਜ ਵੀ ਸਲਾਮਤ ਹਨ। ਇਕ ਅਲੋਪ ਹੋ ਚੁੱਕੀ ਹੈ। ਨਗਰ ਨਿਵਾਸੀ ਸਰਬਜੀਤ ਸਿੰਘ ਨੇ ਸਾਨੂੰ ਉਹਨਾਂ ਪਵਿਤਰ ਸਿਲਲੇਖਾਂ ਦੀਆਂ ਤਸਵੀਰਾਂ ਭੇਜੀਆਂ ਹਨ। ਜੋ ਸਾਫ ਤੌਰ ਤੇ 16 ਵੀ ਸਦੀ ਈ. ਦੀ ਪ੍ਰਾਰੰਭਕ ਗੁਰਮੁਖੀ ਦਾ ਖੂਬਸੂਰਤ ਨਮੂਨਾ ਹਨ। ਜਿਸ ਦਾ ਇਬਾਰਤ ਕੁਝ ਇਸ ਪ੍ਰਕਾਰ ਹੈ: 'ਸਤਿ ਕਰਤਾਰ ਗੁਰੂ ਨਾਨਕ ਸੰਬਤ 1618 ਵਰਖ.... (ਮੁਤਾਬਿਕ 1561 ਈਸਵੀ)

ਪਿੰਡ ਉਦੋਕੇ ਦੀ ਸਿੱਖ ਇਤਹਾਸ ਨਾਲ ਗੂੜੀ ਸਾਂਝ ਹੈ। ਜਦੋਂ ਗੁਰੂ ਪਾਤਸ਼ਾਹ ਬਟਾਲੇ ਵਿਆਹੁਣ ਆਏ ਸਨ ਤਾਂ ਜੰਞ ਪਹਿਲਾਂ ਉਦੋਕੇ ਪਹੁੰਚੀ ਸੀ। ਹੋ ਸਕਦਾ ਇਥੇ ਗੁਰੂ ਸਾਹਿਬ ਦੀ ਕੋਈ ਰਿਸਤੇਦਾਰੀ ਵੀ ਹੋਵੇ ਕਿ ਰਾਤ ਨੂੰ ਜੰਞ ਇਥੇ ਪਹੁੰਚ ਗਈ ਹੋਵੇ ਤੇ ਸਵੇਰੇ ਢੁਕਾਅ ਕੀਤਾ ਹੋਵੇ।

ਇਥੇ ਹੀ ਗੁਰੂ ਸਾਹਿਬ, ਉਹਨੀ ਦਿਨੀ ਚਲਦੀ ਇਕ ਰਸਮ ਮੁਤਾਬਿਕ ਇਕ ਛੀਂਬੇ ਦੇ ਘਰ ਲੁਕ ਗਏ ਸਨ।

ਓਦੋਂ ਉਦੋਕੇ ਵਿਖੇ ਮੁਖ ਚਾਰ ਗੋਤਾਂ ਦੇ ਖੱਤਰੀ ਸੀ 1. ਭੰਡਾਰੀ, 2. ਬੇਰੀ, 3. ਚੋਨੇ ਅਤੇ 4.ਟੇਰੀ। ਇਨਾਂ ਦੇ ਭਵਿਖ ਬਾਬਤ ਗੁਰੂ ਸਾਹਿਬ ਨੇ ਸਹਿਜ ਸੁਭਾਅ ਬਚਨ ਕਹੇ ਸਨ: ਭੰਡਾਰੀ ਭਰ ਜਾਣਗੇ, ਬੇਰੀ ਫਲ ਜਾਣਗੇ, ਚੋਣੇ ਚੁੱਣੇ ਜਾਣਗੇ ਤੇ ਟੇਰੀ ਟੁਰ ਜਾਣਗੇ। ਉਹ ਵਾਕ ਅੱਜ 100% ਸੱਚ ਸਾਬਤ ਹੋਇਆ ਹੈ। ਟੇਰੀਆਂ ਦਾ ਨਾਮੋ ਨਿਸ਼ਾਨ ਖਤਮ ਹੋ ਚੁੱਕਾ ਹੈ। ਚੋਣੇ ਬਹੁਤ ਹੀ ਘੱਟ ਬਚੇ ਹਨ। ਬੇਰੀ ਤੇ ਭੰਡਾਰੀ ਵਾਧੂ ਗਿਣਤੀ ਵਿਚ ਹਨ।



ਸਿਲ-ਲੇਖਾਂ ਵਾਲੇ ਖੂਹ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਇਆ ਹੈ।

ਪਿੰਡ ਉਦੋਕੇ ਵਿਖੇ ਹੀ ਗੁਰੂ ਸਾਹਿਬ ਦੀ ਵਿਆਹ ਮੌਕੇ ਜੰਡ ਦੀ ਟਹਿਣੀ ਵੱਢਣ ਦੀ ਰਸਮ ਹੋਈ ਸੀ।

ਗੁਰਦੁਆਰਾ ਕੋਠਾ ਸਾਹਿਬ ਉਦੋਕੇ ਦਾ ਜਦੋਂ ਜਿਕਰ ਆਉਦਾ ਹੈ

ਪੈੜ ਸਰੋਤ

⊙ ਗੁਰਧਾਮ ਸੰਗ੍ਰਿਹ ਗਿਆਨੀ-18, ਸਾਈਕਲ ਯਾਤਰੀ- 346, ਤਾਰਾ ਸਿੰਘ ਨਰੋਤਮ -70 ਪੀਪੀਪੀ, ਸ਼ਮਸ਼ੇਰ ਸਿੰਘ ਅਸ਼ੋਕ- 19

ਇਸ ਅਸਥਾਨ ਦੇ ਪ੍ਰਚਾਰ ਲਈ ਪਿੰਡ ਉਦੋਕੇ ਨਿਵਾਸੀਆਂ ਬਹੁਤ ਖੂਬਸੂਰਤ ਪਰਚਾ ਛਪਵਾ ਰੱਖਿਆ ਹੈ। ਜੋ ਹੋਰਨਾਂ ਗੁਰ ਅਸਥਾਨਾਂ ਦੇ ਪ੍ਰਬੰਕਾਂ ਲਈ ਵੀ ਚਾਨਣਮੁਨਾਰਾ ਹੈ। ਤਰੁਟੀਆਂ ਹੋਣ ਦੇ ਬਾਵਜੂਦ ਇਹ ਸ਼ਲਾਘਾਯੋਗ ਉਪਰਾਲਾ ਹੈ।(ਹਾਂ ਸਾਈਕਲ ਯਾਤਰੀ - 346 ਅਨੁਸਾਰ ਲੰਬੜਦਾਰ ਦਾ ਨਾਂ ਮੀਆਂ ਸੀ। ਯਾਦ ਰਹੇ ਸਜੁੱਤ ਨਾਂ ਪੰਜਾਬੀ ਪ੍ਰੰਪਰਾ ਵਿਚ ਮੌਜੂਦ ਨਹੀ। ਗੁਰੂ ਸਾਹਿਬ ਦੇ ਦੌਰ ਵਿਚ ਮੀਆਂ ਨਾਂ ਬਹੁਤ ਪ੍ਰਚੱਲਤ ਹੋ ਰਿਹਾ ਸੀ। ਸਾਹਿਬ ਨੇ ਇਸ ਤੇ ਕਟਾਖ ਵੀ ਕੀਤਾ ਹੈ, " ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥6॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥" ਕਹਿਣ ਤੋਂ ਮਤਲਬ ਪਾਤਰਾਂ ਦੇ ਨਾਂ ਜੋ ਸਾਈਕਲ ਯਾਤਰੀ ਵਿਚ ਆਏ ਹਨ ਉਹ ਦਰੁਸਤ ਹਨ। ਪਰਚੇ ਵਿਚ ਸਥਾਨਕ ਸਥਾਨਾਂ ਬਾਰੇ ਜਿਆਦਾ ਜਾਣਕਾਰੀ ਦੀ ਜਰੂਰਤ ਸੀ।)

ਰਵਾਇਤ ਅਨੁਸਾਰ ਲੰਬੜਦਾਰ ਨਕਦੀ ਵਿਚ ਮਾਮਲਾ ਤਾਰਨ ਲਾਹੌਰ ਗਇਆ ਸੀ। ਜਦੋਂ ਕਿ ਮੱਧਕਾਲ ਦੇ ਇਤਹਾਸ ਅਨੁਸਾਰ ਮਾਮਲਾ ਜਿਣਸ ਵਿਚ ਲਿਆ ਜਾਂਦਾ ਸੀ। ਇਹ ਇਹ ਤਾਂ ਹੋ ਸਕਦਾ ਹੈ ਜੇ ਮੀਆਂ ਲੰਬਰਦਾਰ ਨਾਂ ਹੋ ਕੇ ਕੋਈ ਕ੍ਰੋੜੀਆ ਹੋਵੇ। ਇਸ ਗਲ ਦੀ ਸੰਭਾਵਨਾ ਹੈ ਕਿਉਕਿ ਲਹੌਰ-ਕਲਾਨੌਰ-ਵੈਰੋਵਾਲ ਵਿਚਲੇ ਵੱਡੇ ਤਿਰਕੋਣੀ ਇਲਾਕੇ ਵਿਚ ਕਿਸੇ ਹੋਰ ਹਕੂਮਤੀ ਕਸਬੇ ਦਾ ਜਿਕਰ ਸਾਨੂੰ ਨਹੀ ਮਿਲਿਆ। ਨਾਲੇ ਜਿਵੇ ਪਿੱਛੇ ਆ ਚੁੱਕਾ ਹੈ ਗੁਰੂ ਸਾਹਿਬ ਦਾ ਪਹਿਲਾ ਮੇਲ ਮਿਲਾਪ ਹਰ ਥਾਂ ਹੁਕਮਰਾਨ ਨਾਲ ਹੀ ਹੁੰਦਾ ਸੀ। ਸੋ ਸੰਭਾਵਨਾ ਇਹੋ ਹੈ ਕਿ ਮੀਆਂ ਲੰਬੜਦਾਰ ਨਾਂ ਹੋ ਕੇ ਕ੍ਰੋੜੀਆ ਜਾ ਕੋਈ ਮਾਲਗੁਜਾਰ ਹੀ ਹੋਵੇ।

ਇਸ ਬਾਬਤ ਪਿੰਡ ਵਿਚ ਮਕਾਨ ਉਸਾਰੀ ਵੇਲੇ ਨਿਕਲਦੀਆਂ ਨੀਹਾਂ ਦਾ ਅਧਿਅਨ ਸਹਾਈ ਹੋ ਸਕਦਾ ਕਿ ਵਾਕਿਆ ਹੀ ਇਹ ਪਿੰਡ ਕਿਸੇ ਵੇਲੇ ਹਕੂਮਤ ਦਾ ਕੇਂਦਰ ਸੀ?

✚ ਸਾਡਾ ਅੰਦਾਜ਼ਾ। ਇਸ ਮਸਲੇ ਤੇ ਹੋਰ ਖੋਜ ਦੀ ਜਰੂਰਤ ਹੈ।

ਗੁਰੂ ਸਾਹਿਬ ਦੇ ਪੰਜਾਬ ਦੇ ਮੁਕਾਮੀ ਦੌਰਿਆਂ ਦਾ ਸਾਲ ਤਹਿ ਕਰਨ ਵਿਚ ਵੱਡੀ ਮੁਸ਼ਕਲ ਆ ਰਹੀ ਹੈ। ਕਾਰਨ ਇਹ ਕਿ ਪਿਛਲੀ ਸਦੀ ਦੌਰਾਨ ਪੰਜਾਬ ਵਿਚ ਨਾਸਤਕਵਾਦ ਵਧਿਆ ਹੈ ਜਿਸ ਕਰਕੇ ਸਥਾਨਕ ਲੋਕਾਂ ਨੇ ਮੁਕਾਮੀ ਪ੍ਰੰਪਰਾ (ਪਿਤਾ ਪੁਰਖੀ ਕਥਾ-ਕਹਾਣੀਆਂ) ਨਜਰਅੰਦਾਜ ਕਰਕੇ ਕਿਤਾਬਾਂ ਵਿਚ ਦਿੱਤੇ ਸਾਲ ਮਨਜੂਰ ਕਰ ਲਏ। ਧਿਆਨ ਰਹੇ ਕਿਸੇ ਸਥਾਨ ਤੇ ਮੁਕਾਮੀ ਲੋਕਾਂ ਨੇ ਜਿਹੜੀਆਂ ਤਰੀਕਾਂ ਸਾਲ ਸਾਂਭੇ ਹੁੰਦੇ ਨੇ ਉਹ ਇਤਹਾਸ ਦੀ ਨੀਹ ਬਣਦੇ ਹਨ। ਪਰ ਬਦਕਿਸਮਤੀ ਨਾਲ ਸਥਾਨਕ ਲੋਕ, ਪ੍ਰੰਪਰਾ ਜਾਂ ਵਿਰਾਸਤ ਨੂੰ ਅਹਿਮੀਅਤ ਨਹੀ ਦਿੰਦੇ ਆਏ ਜਿਸ ਕਰਕੇ ਦੌਰਿਆਂ ਦੇ ਅਸਲੀ ਸਾਲ ਅਤੇ ਤਰੀਕਾਂ ਅਲੋਪ ਹੋ ਗਈਆਂ ਹਨ।

ਧਿਆਨ ਰਹੇ ਇਤਹਾਸ ਦੀ ਸਇੰਸ ਵਿਚ ਪ੍ਰੰਪਰਾ ਦਾ ਵੱਡਾ ਸਥਾਨ ਹੁੰਦਾ ਹੈ। ਅਸੂਲ ਇਹ ਹੈ "ਪ੍ਰੰਪਰਾ ਨੂੰ ਸੱਚ ਜਾਣ ਕੇ ਲਿਖੋ ਜਿੰਨਾਂ ਚਿਰ ਤਕ ਤੁਸੀ ਉਹਨੂੰ ਝੂਠੀ ਸਾਬਤ ਕਰ ਦਿਓ। (Tradition is always correct unless otherwise proved .)

ਇਸ ਕਰਕੇ ਜਰੂਰਤ ਹੈ ਸਥਾਨਕ ਰਵਾਇਤਾਂ ਨੂੰ ਸਾਂਭਣ ਦੀ। ਇਤਹਾਸਕਾਰ ਤਾਂ ਕਈ ਵੇਰੀ ਸੈਕੜੇ ਮੀਲ ਦੂਰ ਬੈਠਾ ਲਿਖ ਰਿਹਾ ਹੁੰਦਾ ਹੈ।

ਸਾਨੂੰ ਪਤਾ ਲੱਗਾ ਹੈ ਕਿ ਨਗਰ ਨਿਵਾਸੀਆਂ ਨੇ ਪੁਸਤਕਾਂ ਤੋ ਪ੍ਰਭਾਵਤ ਹੋ ਕੇ ਹੀ ਗੁਰਦੁਆਰਾ ਸਾਹਿਬ ਦਾ ਨਾਂ ਬਦਲ ਦਿਤਾ ਹੈ। ਕਿਉਕਿ ਭਾਈ ਕਾਨ ਸਿੰਘ ਨਾਭਾ ਅਸਥਾਨ ਦਾ ਨਾਂ ਥੰਭ ਜੁ ਲਿਖ ਦਿਤਾ। ਇਹਨਾਂ ਵੀਰਾਂ ਨੂੰ ਚਾਹੀਦਾ ਹੈ ਬਾਕੀ ਦੇ ਗ੍ਰੰਥ ਵੀ ਵੇਖ ਲੈਣ। ਨਾਲੇ ਸਭ ਤੋਂ ਵੱਡੀ ਸਥਾਨਕ ਰਵਾਇਤ ਹੁੰਦੀ ਹੈ। ◆ਅੰਦਾਜ਼ਾ

◘ 1. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ- ਜੀ. ਬੀ. ਸਿੰਘ । 2. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ -ਡਾ. ਤਰਲੋਚਨ ਸਿੰਘ ਬੇਦੀ ।

ਤਾਂ ਬੀਬੀ ਗਿਆਤੋ ਨੂੰ ਵੀ ਲੋਕ ਯਾਦ ਕਰਦੇ ਹਨ। ਉਹ ਇਸ ਤਰਾਂ ਕਿ 1925-30 ਈ ਦੇ ਦਿਨਾਂ ਵਿਚ ਜਦੋਂ ਗੋਰਿਆਂ ਦਾ ਜੋਰ ਸੀ ਤਾਂ ਉਦੋਕੇ ਦਾ ਚੌਧਰੀ ਈਸਾਈ ਬਣ ਗਇਆ। ਕੋਠਾ ਸਾਹਿਬ ਦੀ ਦੇਖ ਰੇਖ ਫਿਰ ਉਸ ਮੌਕੇ ਫਿਰ ਬੀਬੀ ਗਿਆਤੋ ਦੇ ਹੱਥਾਂ ਵਿਚ ਚਲੀ ਗਈ ਜਿਸ ਨੇ ਬੜੀ ਲਗਨ ਨਾਲ ਪਿੰਡ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਤੇ ਗੁਰਅਸਥਾਨ ਦੀ ਸੇਵਾ ਕੀਤੀ। ਇਹ ਬੀਬੀ ਮੀਆਂ ਲੰਬੜਦਾਰ ਦੇ ਟੱਬਰ ਵਿਚੋਂ ਹੀ ਹੋਈ ਹੈ।

## ਗੁਰਿਆਣਾ ਸਾਹਿਬ ਉਦੋਕੇ

ਸਾਈਕਲ ਯਾਤਰੀ ਨੇ ਲਿਖਿਆ ਹੈ ਕਿ ਇਸ ਪਿੰਡ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਇਕ ਹੋਰ ਅਸਥਾਨ ਵੀ ਹੈ 'ਗੁਰਿਆਣਾ ਸਾਹਿਬ'। ਲਿਖਦੇ ਹਨ:

"ਤੀਸਰੀ ਜਗਾ ਇਕ ਹੋਰ ਹੈ ਜੋ ਕਿ ਪਿੰਡ ਤੋਂ ਪੱਛਮ ਤੇ ਉਤ੍ਰ ਦੇ ਸੰਨ ਵਿਚ 1 ਫਰਲਾਂਗ ਤੇ ਹੈ। ਇਕ ਛਪੜ ਹੈ ਜਿਸ ਦਾ ਨਾਮ ਗੁਰਿਆਣਾ ਸਾਹਿਬ ਜੀ ਹੈ ਜੋ ਕੇ ਪੱਕੀ ਇੱਟਾਂ ਦੇ ਭਠੇ ਦੇ ਪਾਸ ਹੀ ਹੈ।.. ਅੱਜ ਕਲ ਬੜਾ ਭਾਰੀ ਪਿਪਲ ਹੋਆ ਖੜਾ ਹੈ। ਜਿਸ ਮੌਕੇ ਗੁਰੂ ਜੀ ਇਸ ਪਿੰਡ ਆਏ ਸੀ, ਦਵਾਰੇ ਦੀ ਜਾਤ੍ਰਾ ਕਰਦੇ 2 ਤਾਂ ਇਸੀ ਪਿੱਪਲ ਤੇ ਇਸੀ ਛੱਪੜ ਤੇ ਆ ਕੇ ਬੈਠੇ ਸਨ। ਇਸੀ ਜਗਾ ਤੋਂ ਮਰਦਾਨਾ ਪਿੰਡ ਵਿਚ ਪ੍ਰਸਾਦੇ ਛਕਨੇ ਗਿਆ ਸੀ ਤੇ ਲੰਬੜਦਾਰ ਦੇ ਘਰ ਤੋਂ ਗੁਰੂ ਜੀ ਗੁਪਤ ਹੋ ਕੇ ਫਿਰ ਦਵਾਰੇ ਇਸੀ ਜਗਾ ਆ ਕੇ ਬੈਠੇ ਸਨ। ਤੇ ਫਿਰ ਬੀਬੀ ਇਸੀ ਜਗਾ ਤੋਂ ਗੁਰੂ ਜੀ ਨੂੰ ਲੈ ਗਈ ਸੀ, ਜੋ ਕੇ ਮਾਫੀ ਮੰਗ ਕੇ ਤੇ। ਇਹ ਉਹੀ ਜਗਾ ਹੈ। ਇਸ ਜਗਾ ਕੋਈ ਨਿਸ਼ਾਨ ਨਹੀ ਹੈ ਬਨਾ ਹੋਆ। ਪਰ ਮੰਨਦਾ ਸਾਰਾ ਪਿੰਡ ਹੈ ਕਿ ਗੁਰੂ ਜੀ ਇਸ ਛਪੜ ਤੇ ਆ ਕੇ ਬੈਠੇ ਸਨ।" ਨੋਟ : ਪਿੰਡ ਉਦੋਕੇ ਵਿਚ ਜੋ ਗੁਰੇਆਣਾ ਛਪੜ ਹੈ ਇਸ ਦੇ ਪਛਮ ਦੀ ਤ੍ਰਫ 200 ਕਰਮਾਂ ਤੇ ਭੋਗੀਆਣਾ ਨਾਮ ਤੇ ਇਕ ਜਗਾ ਹੈ। ਇਥੇ ਬਾਬਾ ਜੀ ਨਿਤਨੇਮ ਦਾ ਭੋਗ ਪਾਉਦੇ ਹੁੰਦੇ ਸਨ।"

ਉਦੋਕੇ ਪਿੰਡ ਵਿਚ ਹੀ ਇਕ ਹੋਰ ਥਾਂ ਲੋਕਾਂ ਵਿਚ ਬਹੁਤ ਮਕਬੂਲ ਹੈ: ਗੁਰਦੁਆਰਾ ਨਾਗਿਆਣਾ ਸਾਹਿਬ। ਇਥੇ ਰਾਮਗੜੀਆਂ ਦੇ ਨਾਗੀ ਗੋਤ ਦੇ ਜਠੇਰੇ ਹੁੰਦੇ ਸਨ। ਉਜਾੜ ਥਾਂ ਹੋਣ ਕਰਕੇ ਸੱਪ ਨਾਗ ਵੀ ਹੋ ਗਏ। ਬਾਦ ਵਿਚ ਇਕ ਰਾਮਗੜੀਏ ਸਿੱਖ ਨੇ ਇਥੇ ਗੁਰਦੁਆਰਾ ਸਾਹਿਬ ਬਣਾ ਦਿਤਾ ਜਿਥੇ ਰੋਜ ਹਜਾਰਾਂ ਲੋਕ ਹਾਜਰੀ ਭਰਦੇ ਹਨ।

ਉਦੋਕੇ ਦਾ ਇਤਹਾਸ ਛੇਵੇ ਪਾਤਸ਼ਾਹ ਨਾਲ ਵੀ ਸਬੰਧ ਰਖਦਾ ਹੈ। ਸਾਹਿਬਜਾਦਾ ਗੁਰਦਿੱਤਾ ਜੀ ਦੇ ਵਿਆਹ ਮੌਕੇ ਗੁਰੂ ਸਾਹਿਬ ਜੰਞ ਸਮੇਤ ਅੰਮ੍ਰਿਤਸਰ ਤੋਂ ਬਟਾਲਾ ਜਾਂਦੇ ਇਥੇ ਪਧਾਰੇ ਸਨ।

-----◈-----

ਜਦੋਂ ਗੁਰੂ ਸਾਹਿਬ ਓਦੋਕੇ ਬਰਾਜਮਾਨ ਸਨ ਅਤੇ ਰੋਜ ਸ਼ਾਮੀ ਓਦੋਕੇ ਦੀਵਾਨ ਭਖਦਾ ਸੀ ਤਾਂ ਇਕ ਦਿਨ ਬਟਾਲੇ ਦੇ ਦੋ ਸ਼ਰਧਾਲੂ ਜੋ ਚਿਰੋਕਣੇ ਗੁਰੂ ਸਾਹਿਬ ਦੇ ਸਿੱਖ ਹੋ ਚੁੱਕੇ ਸਨ ਨੇ ਆ ਕੇ ਗੁਰੂ ਸਾਹਿਬ ਕੋਲ ਅਰਜ ਕੀਤੀ ਕਿ ਸਾਹਿਬ ਜੀ ਸਾਡੇ ਸ਼ਹਿਰ ਵਿਚ ਚਰਨ ਪਾਓ ਤੇ ਸਾਡੀ ਲੋਕਾਈ ਦਾ ਵੀ ਉਧਾਰ ਕਰੋ। ਅਸੀ ਜਦੋਂ ਲੋਕਾਂ ਨੇ 'ਏਕਾ-ਬ੍ਰਹਮ' ਦੀ ਗਲ ਕਰਦੇ ਹਾਂ ਤਾਂ ਸਾਡੇ ਨਾਲ ਲੋਕ ਬਹੁਤ ਬਹਿਸ ਕਰਦੇ ਹਨ। ਕਿਰਪਾ ਕਰਕੇ ਉਨਾਂ ਨੂੰ ਵੀ ਗਿਆਨ ਦੀ ਪ੍ਰਾਪਤੀ ਹੋਵੇ।

ਉਨਾਂ ਨਾਲ ਮਿਥੇ ਦਿਨ ਗੁਰੂ ਸਾਹਿਬ ਜਾ ਬਟਾਲੇ ਗਰਜੇ।

-----◈-----

## ਜਦੋਂ ਵਟਾਲੇ ਦੇ ਵਪਾਰੀਆਂ ਨੇ ਗੁਰੂ ਸਾਹਿਬ ਦੇ ਸਤਿਕਾਰ ਵਿਚ ਵੱਡਾ ਜੋੜ ਮੇਲਾ ਕੀਤਾ○

ਬ੍ਰਹਾਮਣਾਂ (ਸਵੱਰਨ ਜਾਤੀਆਂ) ਨੇ ਵਿਰੋਧ ਜਿਤਾਇਆ

ਇਕ ਵੇਰਾਂ ਜਦੋਂ ਗੁਰੂ ਸਾਹਿਬ ਓਦੋਕੇ ਵਿਖੇ ਪਧਾਰੇ ਹੋਏ ਸਨ ਤਾਂ ਕੁਝ ਗੁਰਸਿੱਖ ਵਪਾਰੀਆਂ ਨੇ ਗੁਰੂ ਸਾਹਿਬ ਨੂੰ ਵਟਾਲੇ ਸੱਦਿਆ ਕਿ ਗੁਰੂ ਸਾਹਿਬ ਬਟਾਲਾ ਨਿਵਾਸੀਆਂ ਤੇ ਵੀ ਕਿਰਪਾ ਕਰੋ ਤੇ ਉਨਾਂ ਨੂੰ ਵਹਿਮਾਂ ਭਰਮਾਂ 'ਚੋਂ ਕੱਢ ਨਿਰੰਕਾਰ ਦੇ ਲੜ ਲਾਓ। ਗੁਰਸਿੱਖਾਂ (ਇਸ ਇਕੱਠ ਦੇ ਮੋਹਰੀ ਭੰਡਾਰੀ ਖੱਤਰੀ ਸਨ) ਨੇ ਇਲਾਕਾ ਨਿਵਾਸੀਆਂ ਨੂੰ ਇਤਲਾਹ ਦੇ ਦਿੱਤੀ ਕਿ ਫਲਾਣੇ ਦਿਨ ਗੁਰੂ ਸਾਹਿਬ ਇਥੇ ਪਧਾਰ ਰਹੇ ਨੇ। ਇਸ ਸੱਦੇ ਦੀ ਖਾਸੀਅਤ ਇਹ ਸੀ ਕਿ ਹਰ ਕਿਸੇ ਨੂੰ ਇਕੱਠ ਵਿਚ ਸੱਦਿਆ ਗਿਆ। ਹਰ ਹਿੰਦੂ ਮੁਸਲਮਾਨ, ਉੱਚੀ ਜਾਤ, ਨੀਵੀ ਜਾਤ ਸਭ ਸ਼ੂਦਰ ਆਦਿ।

ਯਾਦ ਰਹੇ ਇਹ ਓਦੋਂ ਦੀ ਗਲ ਹੈ ਜਦੋਂ ਬਟਾਲਾ ਕੋਈ ਵੱਡਾ ਸ਼ਹਿਰ ਨਹੀ ਸੀ। ਮੌਜੂਦਾ ਸ਼ਹਿਰ ਦੀ ਨੀਂਹ 1528 ਬਿ. ਨੂੰ ਰਾਮਦੇਵ ਭੱਟੀ ਨੇ ਕਿਲਾ ਉਸਾਰ ਕੇ ਰੱਖੀ ਗਈ ਸੀ।◘ ਓਦੋਂ ਪੰਜਾਬ (ਲਹੌਰ) ਵਿਖੇ ਤਾਤਾਰ ਖਾਂ ਲੋਧੀ ਦਾ ਰਾਜ ਸੀ ਜੋ ਦੌਲਤ ਖਾਂ ਦਾ ਪਿਤਾ ਸੀ। ਪਹਿਲਾਂ ਇਥੇ ਵੱਡਾ ਥੇਹ ਹੁੰਦਾ ਸੀ ਜੋ ਸੈਕੜੇ ਸਾਲ ਪਹਿਲਾਂ ਬਰਬਾਦ ਹੋਇਆ ਸੀ। ਛੇਤੀ ਹੀ ਵਪਾਰੀ ਖੱਤਰੀਆ ਦੇ ਕਈ ਘਰਾਣੇ ਇਥੇ ਹਿਜਰਤ ਕਰ ਗਏ। ਰਾਮਦੇਵ ਭੱਟੀ ਦਾ ਪ੍ਰਵਾਰ ਬਾਦ ਵਿਚ ਮੁਸਲਮਾਨ ਹੋ ਗਇਆ ਸੀ।

ਜਦੋਂ ਗੁਰੂ ਸਾਹਿਬ ਬਟਾਲੇ ਪਹੁੰਚੇ ਤਾਂ ਹਰ ਮਾਈ ਭਾਈ ਤਿਲ ਫੁਲ ਜਿੰਨਾਂ ਵੀ ਸਰਦਾ ਬਣਦਾ ਸੀ ਭੇਟ ਲੈ ਕੇ ਗੁਰੂ ਦਰਬਾਰ ਵਿਚ ਹਾਜਰ ਹੋਇਆ। ਹਰ ਜੀਅ ਜੋਸ਼ ਵਿਚ ਸੀ। ਪ੍ਰਬੰਧਕਾਂ ਨੇ ਜਦੋਂ ਵੇਖਿਆ ਕਿ ਗੁਰੂ ਸਾਹਿਬ ਦੀ ਭੇਟ ਵਿਚ ਬਹੁਤ ਰਸਦ ਪਾਣੀ ਇਕੱਠਾ ਹੋ ਗਇਆ ਹੈ। ਪ੍ਰਬੰਧਕ ਪੁੱਛਣ ਲੱਗੇ ਕਿ ਗੁਰੂ ਸਾਹਿਬ ਇਸ ਰਸਦ ਪਾਣੀ ਨੂੰ ਕਰਤਾਰਪੁਰ ਪਹੁੰਚਾ ਦਿੱਤਾ ਜਾਵੇ ਜਾਂ ਜੋ ਆਪ ਦਾ ਹੁਕਮ ਹੋਵੇ? ਗੁਰੂ ਸਾਹਿਬ ਨੇ ਕਿਹਾ ਕਿ ਜੋ ਕੁਝ ਵੀ ਇਥੇ ਇਕੱਠਾ ਹੋਇਆ ਹੈ ਸਾਰਾ ਸੰਗਤ ਤੇ ਲਾ ਦਿਓ। ਅਗਲੇ ਦਿਨ ਫਿਰ ਇਲਾਕੇ ਵਿਚ ਡੌਨੀ ਪਿਟਵਾ ਦਿੱਤੀ ਗਈ ਕਿ ਗੁਰੂ ਨਾਨਕ ਦਾ ਅਤੁੱਟ ਲੰਗਰ ਚਲ ਰਿਹਾ ਹੈ ਹਰ ਮਾਈ ਭਾਈ ਆ ਕੇ ਲੰਗਰ ਛਕੇ ਤੇ ਗੁਰੂ ਸਾਹਿਬ ਦੇ ਬਚਨ ਸੁਣੇ।

ਫਿਰ ਕੀ ਸੀ? ਸਾਰਾ ਇਲਾਕਾ ਟੁੱਟ ਕੇ ਪੈ ਗਿਆ। ਲੋਕਾਈ ਗੁਰੂ ਸਾਹਿਬ ਦੇ ਸ਼ੁਭ ਬਚਨ ਸੁਣ ਕੇ ਭਾਗਾਂ ਵਾਲੀ ਬਣ ਰਹੀ ਸੀ। ਕੁਝ ਸਮੇਂ ਬਾਦ ਪ੍ਰਬੰਧਕ ਗੁਰਸਿੱਖਾਂ ਨੇ ਗੁਰੂ ਸਾਹਿਬ ਨੂੰ ਇਤਲਾਹ ਦਿੱਤੀ ਕਿ ਕੁਝ ਬ੍ਰਾਹਮਣ ਤੇ ਸਵੱਰਨ ਜਾਤਾਂ ਦੇ ਹਿੰਦੂ ਆਪ ਜੀ ਦੇ ਬਚਨ ਤਾਂ ਸੁਣ ਰਹੇ ਨੇ ਪਰ ਉਹ ਲੰਗਰ ਛੱਕਣ ਤੋਂ

ਨਾਹ ਕਰ ਰਹੇ ਨੇ। ਗੁਰੂ ਸਾਹਿਬ ਨੇ ਥੜੇ ਤੋਂ ਐਲਾਨ ਕੀਤਾ ਕਿ ਕੁਝ ਵੀਰ ਲੰਗਰ ਨਹੀ ਛੱਕ ਰਹੇ ਉਹ ਬਰਾਇ ਮਿਹਰਬਾਨੀ ਸਾਡੇ ਨਾਲ ਅੱਗੇ ਆ ਕੇ ਗਲ ਕਰਨ ਕਿ ਉਨਾਂ ਦੇ ਮੰਨ ਵਿਚ ਕੀ ਸ਼ੰਕਾ ਹੈ?

ਸੋ ਉਹ ਸਵੱਰਨ ਜਾਤੀ ਲੋਕ (ਬ੍ਰਾਹਮਣਵਾਦੀ ਕਹਿ ਲਓ। ਪਰ ਯਾਦ ਰਹੇ ਕਈ ਬ੍ਰਾਹਮਣ ਵੀ ਗੁਰਮਤ ਦੇ ਪ੍ਰਚਾਰਕ ਬਣ ਚੁੱਕੇ ਸਨ। ਸਗੋਂ ਸਿੱਖੀ ਦਾ ਜਿਆਦਾ ਪ੍ਰਚਾਰ ਬ੍ਰਾਹਮਣਾਂ ਨੇ ਹੀ ਕੀਤਾ ਸੀ।) ਅੱਗੇ ਆਏ। ਗੁਰੂ ਸਾਹਿਬ ਥੜੇ ਤੋਂ ਉਤਰ ਉਨਾਂ ਨੂੰ ਪ੍ਰੇਮ ਸਤਿਕਾਰ ਨਾਲ ਮਿਲੇ।

ਬ੍ਰਹਾਮਣਾਂ ਗੁਰੂ ਸਾਹਿਬ ਨੂੰ ਤਾਹਨਾ ਮਾਰਿਆ

"ਮਾਫ ਕਰਨਾਂ ਨਾਨਕ ਜੀ ਅਸੀ ਤੁਹਾਡੇ ਵਾਗੂ ਜਨੇਊ ਲਾਹ ਨਹੀ ਸੁਟਿਆ। ਤੁਸੀ ਆਪੇ ਦੱਸੋ ਕਿ ਅਸੀ ਜਨੇਊ ਦੀ ਮਰਯਾਦਾ ਦੀ ਪਾਲਣਾ ਕਰੀਏ ਕਿ ਤੁਹਾਡਾ ਲੰਗਰ ਛਕੀਏ? ਤੁਸਾਂ ਤਾਂ ਵੇਦਮਰਯਾਦਾ ਦੀ ਏਨੀ ਵੀ ਪ੍ਰਵਾਹ ਨਹੀ ਕੀਤੀ ਕਿ ਭੋਜਨ ਪਹਿਲਾਂ ਦੇਵਤਿਆਂ ਨੂੰ ਅਰਪਣ ਕਰਨਾਂ ਚਾਹੀਏ। ਕੀ ਤੁਸੀ ਸਮਝਦੇ ਹੋ ਕਿ ਅਸੀ ਓਥੇ ਹੀ ਬਹਿ ਕੇ ਲੰਗਰ ਛਕੀਏ ਜਿੱਥੇ ਚੂੜੇ, ਚਮਿਆਰ, ਨਾਈ, ਛੀਬੇ ਲੁਹਾਰ, ਤਖਾਣ, ਜੱਟ ਬੂਟ, ਗਊ ਖਾਣ ਵਾਲੇ ਬੈਠੇ ਨੇ?

ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਆਪਣੇ ਕੋਲ ਬੈਠਾ ਲਿਆ। ਤੇ ਪੁਰਾਤਨ ਰੀਤਾਂ ਰਸਮਾਂ ਦੀ ਖੂਬ ਉਦੇੜ ਬੁਣ ਕੀਤੀ। ਫੋਕੇ ਕਰਮ ਕਾਡਾਂ ਰੀਤ ਰਿਵਾਜਾਂ ਚਿੰਨਾਂ ਦਾ ਪੜ੍ਹਦਾ ਖੋਲ ਦਿੱਤਾ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਤੁਹਾਡੇ ਵਾਸਤੇ ਪ੍ਰਭੂ ਮਿਲਾਪ ਤੇ ਚੜ੍ਹਦੀ ਕਲ੍ਹਾ ਵਾਲਾ ਜੀਵਨ ਅਹਿਮੀਅਤ ਰੱਖਦਾ ਹੈ ਕਿ ਇਹ ਫੋਕੇ ਰੀਤੀ ਰਵਾਨ ਚਿੰਨ ਚਕ੍ਰ? ਸਾਹਿਬ ਨੇ ਸਮਝਾਇਆ ਕਿ ਮਨੁੱਖਾ ਜਨਮ ਦਾ ਨਿਸ਼ਾਨਾ ਹੈ ਅਕਾਲ ਪੁਰਖ ਦੀ ਖੇਡ ਨੂੰ ਸਮਝਣਾ ਤੇ ਫਿਰ ਚੜ੍ਹਦੀ ਕਲਾ ਵਾਲਾ ਜੀਵਨ ਹਾਸਲ ਕਰਨਾਂ ਜਿਸ ਵਿਚ ਚਿੰਤਾ ਫਿਕਰ ਪਾਪ ਪੁੰਨ ਨਾਂ ਹੋਣ।

ਏਸੇ ਮੌਕੇ ਭਾਵ ਬਟਾਲੇ ਹੀ ਫਿਰ ਗੁਰੂ ਸਾਹਿਬ ਨੇ ਇਸ ਸ਼ਬਦ ਦੀ ਰਚਨਾ ਕੀਤੀ ਤੇ ਉੱਚੀ ਸੁਰ ਨਾਲ ਮਰਦਾਨੇ ਦੀ ਰਬਾਬ ਅਤੇ ਹੋਰ ਵਜੰਤਰੀਆਂ ਦੀ ਪੂਰੀ ਵਜਦ ਨਾਲ ਆਸਾ ਰਾਗ ਵਿਚ ਇਹ ਸ਼ਬਦ ਗਾਵਿਆ। ਪੂਰੀ ਸੰਗਤ ਨੇ ਨਾਲ ਸਾਥ ਦਿੱਤਾ। :-

ਆਸਾ ਮਹਲਾ ੧ ॥ ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥ ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨੈ੍ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥

ਹਰ ਪਾਸੇ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਹੋ ਰਿਹਾ ਸੀ।

-----◈-----

## ਇਕ ਬਟਾਲਵੀ ਪੁੱਛਦਾ ਬਾਬਾ ਜੀ ਕਿਹੜੇ ਫਿਰਕੇ ਦਾ ਬੰਦਾ ਪ੍ਰਵਾਨ: ਜੋਗੀ, ਸੰਨਿਆਸੀ, ਬ੍ਰਹਾਮਣ, ਉਦਾਸੀ, ਗ੍ਰਸਤੀ, ਜਤੀ, ਰਾਮਦਾਸ, ਵੈਸਨੋ, ਜਲ-ਤਪੀ, ਉਰਧ-ਤਪੀ, ਵਰਤ-ਨੇਮੀ ਜਾਂ ਨਿਰਾਹਾਰੀ, ਦੁਧਾਧਾਰੀ ?●

ਜਦੋਂ ਗੁਰੂ ਸਾਹਿਬ ਬਟਾਲੇ ਬਰਾਜੇ ਹੋਏ ਸਨ ਤਾਂ ਭਰੇ ਦੀਵਾਨ ਵਿਚ ਇਕ ਜਗਿਆਸੂ ਨੇ ਸਵਾਲ ਕਰ ਦਿੱਤਾ ਕਿ ਬਾਬਾ ਜੀ ਵੱਖ ਵੱਖ ਫਿਰਕੇ ਹਨ: ਕੋਈ ਜੋਗੀ ਹੈ, ਸੰਨਿਆਸੀ ਹੈ, ਬ੍ਰਹਾਮਣ, ਉਦਾਸੀ, ਗ੍ਰਸਤੀ, ਜਤੀ, ਰਾਮਦਾਸ, ਵੈਸਨੋ, ਜਲ-ਤਪੀ, ਉਰਧ-ਤਪੀ, ਵਰਤ-ਨੇਮੀ ਜਾਂ ਨਿਰਾਹਾਰੀ, ਦੁਧਾਧਾਰੀ ਹੈ? ਇਹਨਾਂ ਵਿਚੋਂ ਕਿਹਦੀ ਸੇਵਾ ਥਾਂ ਪੈਂਦੀ ਹੈ ਤੇ ਕਿੰਨਾਂ ਦੀ ਬੇਅਰਥ?

ਗੁਰੂ ਸਾਹਿਬ ਨੇ ਫਿਰ ਸਾਰੀ ਸੰਗਤ ਨੂੰ ਸਮਝਾਇਆ ਕਿ ਵੇਖੋ! ਜਿਸਦੇ ਹਿਰਦੇ ਵਿਚ ਨਿਰੰਕਾਰ ਬਾਬਤ ਸੱਚੀ ਖਿੱਚ ਹੈ ਤੇ ਜਿਸ ਨੇ ਕਰਤੇ ਦੀ ਖੇਡ ਨੂੰ ਪਛਾਣ ਲਿਆ ਓਸੇ ਦੀ ਸੇਵਾ ਥਾਂ ਪੈਦੀ ਹੈ। ਜਿੰਨੂ ਅਰਦਾਸ ਕਰਨੀ ਆ ਗਈ। ਜਿੰਨੂ ਸਮਝ ਪੈ ਗਈ ਕਿ ਇਹ ਖੇਡ ਏਕੇ ਦੀ ਹੀ ਹੈ। ਸਾਰਿਆਂ ਦੇ ਭਗਵਾਨ ਵੱਖ ਵੱਖ ਨਹੀ ਹਨ। ਇਹ ਸਿਰਫ ਸਹੀ ਗੁਰੂ ਦੇ ਲੜ੍ਹ ਲਗਿਆਂ ਹੀ ਸੰਭਵ ਹੈ। ਬਾਕੀ ਤਾਂ ਸਭ ਭਟਕਣ ਹੈ। ਗਿਆਨਹੀਣ ਵੀਚਾਰੇ ਦੇਹ ਨੂੰ ਕਸ਼ਟ ਦਈ ਜਾਂਦੇ ਹਨ। ਯਾਦ ਰਹੇ ਓਦੋਂ ਹਿੰਦੂ ਸਮਾਜ ਨੂੰ ਇਕ ਕਰਤਾਰ ਦੇ ਸਿਧਾਂਤ ਦੀ ਸਮਝ ਨਹੀ ਸੀ। ਸਾਰਾ ਧਾਰਮਿਕ ਕਾਰਜ ਦੇਵੀ ਦੇਵਤਿਆਂ ਤੇ ਕੇਂਦਰਤ ਸੀ।

ਸਾਹਿਬ ਨੇ ਸਾਰਾ ਕੁਝ ਵਖਿਆਨ ਰਾਂਹੀ ਸਮਝਾਉਣ ਉਪਰੰਤ ਆਸਾ ਰਾਗ ਵਿਚ ਉਸ ਦੇ ਸਵਾਲ ਦੇ ਪ੍ਰਥਾਇ ਸ਼ਬਦ ਉੱਚੀ ਹੇਕ ਵਿਚ ਗਾ ਕੇ ਕਿਹਾ। ਰਬਾਬ ਤੇ ਸੰਗਤ ਮਰਦਾਨੇ ਨੇ ਦਿੱਤੀ। ਢੋਲਕੀ ਖੜਤਾਲਾਂ ਤੇ ਹੋਰ ਵਜੰਤ੍ਰੀਆਂ ਦੇ ਨਾਂ ਮਾਲੂਮ ਨਹੀ ।ਆਸਾ ਮਹਲਾ ੧ ॥ ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥ ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥ ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥

ਇਸ ਨਵੇਂ ਸਿਧਾਂਤ ਨੂੰ ਪਾ ਕੇ ਜਗਿਆਸੂ ਅੱਸ਼ ਅੱਸ਼ ਕਰ ਉਠੇ। ਧੰਨ ਗੁਰੂ ਨਾਨਕ ਦਾ ਅਵਾਜ਼ਾ ਚੁਫੇਰੇ ਗੂੰਜ ਉਠਿਆ।

ਗੁਰੂ ਸਾਹਿਬ ਕਈ ਦਿਨ ਬਟਾਲੇ ਰਹਿ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਇਨਾਂ ਹੀ ਦਿਨਾਂ ਵਿਚ ਇਸ ਇਲਾਕੇ ਦੇ ਪਿੰਡ ਗਰਾਂ ਗੁਰੂ ਸਾਹਿਬ ਨੇ ਗਾਹੇ। ਯਾਦ ਰਹੇ ਵਟਾਲੇ ਸ਼ਹਿਰ ਵਿਚ ਹੀ ਗੁਰੂ ਸਾਹਿਬ ਦੇ ਸਹੁਰੇ ਸਨ। ਸਾਹਿਬ ਦੇ ਵਿਆਹ ਦੀ ਰਸਮ ਵੀ ਇਥੇ ਹੀ ਹੋਈ ਸੀ। ਹਾਲਾਂ ਇਨਾਂ ਦੇ ਸਹੁਰਾ ਪੱਖੋਕੇ ਵਸਤੇ ਸਨ।

—▲—

ਪੈੜ ਸਰੋਤ

○ ਸੋਢੀ 2-297, ◘ ਖਲਾਸਤੁਤ ਤਵਾਰੀਖ: ਸੁਜਾਨ ਰਾਏ ਭੰਡਾਰੀ (ਪੰਜਾਬੀ)- 78, ● ਸੋਢੀ 2- 300

# ਕਰਤਾਰਪੁਰ ਦੇ ਕੌਤਕ: ਭਾਗ-5

## (1525 ਤੋਂ 1530 ਈ. ਤਕ)

ਇਹ ਗੋਸ਼ਟੀਆਂ ਗੁਰੂ ਸਾਹਿਬ ਦੀ ਛੋਟੀ ਜਿਹੀ ਉਦਾਸੀ ਤੋ ਪਰਤਣ ਉਪਰੰਤ ਅਤੇ ਚੌਥੀ ਉਦਾਸੀ ਤੇ ਰਵਾਨਾ ਹੋਣ ਦਰਮਿਆਨ ਦੀਆਂ ਹਨ। ਇਹ ਜਰੂਰੀ ਨਹੀ ਕਿ 1526 ਈ ਤੋਂ ਲੈ ਕੇ 1530 ਈ ਤਕ ਸਾਰਾ ਸਮਾਂ ਹੀ ਗੁਰੂ ਸਾਹਿਬ ਕਰਤਾਰਪੁਰ ਬਿਰਾਜੇ ਰਹੇ ਹੋਣ।

ਜਦੋਂ ਸਾਹਿਬ ਦਾ ਜੀਅ ਆਉਦਾ ਓਦੋਂ ਹੀ ਕਰਤਾਰਪੁਰ ਤੋਂ ਰਵਾਨਾ ਹੋ ਵੱਡੇ ਪੰਜਾਬ ਦੇ ਮੇਲੇ ਇਕੱਠਾਂ ਵਿਚ ਦਰਸ਼ਨ ਦਿੰਦੇ। ਜਾਂਦਿਆਂ ਅਤੇ ਆਉਦਿਆਂ ਪਿੰਡੀਂ ਥਾਂਈ ਲੋਕਾਂ ਦਾ ਉਦਾਰ ਕਰਦੇ ਸਨ। ਪੰਜਾਬ ਦਾ ਤਾਂ ਤਕਰੀਬਨ ਉਹਨਾਂ ਕੋਈ ਵੱਡਾ ਪਿੰਡ ਛੱਡਿਆ ਹੀ ਨਹੀ ਹੋਵੇਗਾ ਜਿਥੇ ਨਾਂ ਗਏ ਹੋਣ।

ਸੋ ਇਹ ਕੁਝ ਕੁ ਕੌਤਕ ਨੇ ਜਿਹੜੇ 4-5 ਸਾਲ ਦੇ ਅਰਸੇ ਦਰਮਿਆਨ ਕਰਤਾਰਪੁਰ ਹੋਏ। ਉਂਜ ਇਹਨਾਂ ਨੂੰ ਕਿਸੇ ਸਮੇਂ ਵਿਚ ਬੰਨਣਾ ਵੀ ਮੁਸ਼ਕਲ ਹੈ। ਫਿਰ ਹੇਠ ਦਿੱਤੇ ਕੌਤਕਾਂ ਤੋਂ ਲਗਦਾ ਹੈ ਕਿ ਮਰਦਾਨਾ ਸਾਹਿਬ ਦੀ ਸ਼ਰਨ ਵਿਚ ਸੀ ਜਦੋਂ ਇਹ ਵਾਪਰੇ।

-----◈-----

### ਬਾਬੇ ਨੇ ਵਿਹਲੜ ਤਮਾਸ਼ਬੀਨ ਕਰਤਾਰਪੁਰ ਤੋਂ ਭਜਾਏ

ਘੁੰਮਦੇ ਘੁੰਮਾਂਦੇ ਜਦੋਂ ਗੁਰੂ ਸਾਹਿਬ ਕਰਤਾਰਪੁਰ ਬਰਾਜੇ ਤੋਂ ਸ਼ਰਧਾਲੂਆਂ ਨੂੰ ਚਾਅ ਚੜ੍ਹ ਗਇਆ। ਕਈ ਮਹੀਨਿਆਂ ਤੋਂ ਕਰਤਾਰਪੁਰ ਸਾਹਿਬ ਧਰਮਸਾਲਾ ਬਿਨਾਂ ਗੁਰੂ ਸਾਹਿਬ ਦੀ ਹਾਜਰੀ ਦੇ ਚਲ ਰਹੀ ਸੀ। ਲੋਕਾਂ ਦਾ ਆਉਣਾ ਜਾਂਣਾ ਬਨਿਆ ਰਹਿੰਦਾ ਸੀ।




ਕਿਉਕਿ ਕਰਤਾਰਪੁਰ ਵਿਖੇ ਦੋਨੋ ਵਕਤ ਲੰਗਰ ਚਲਦਾ ਸੀ। ਬਾਕੀ ਸਤਸੰਗ ਤੇ ਕੀਰਤਨ ਤੇ ਵਖਿਆਨ ਵੀ ਚਲਦਾ ਸੀ। ਫਿਰ ਕੀ ਹੋਇਆ ਪਿੰਡਾਂ ਸ਼ਹਿਰਾਂ ਦੇ ਕਈ ਵਿਹਲੜ ਲੋਕ ਜਿੰਨਾਂ ਨੂੰ ਰੂਹਾਨੀਅਤ ਨਾਲ ਕੋਈ ਲੈਣਾ ਦੇਣਾ ਨਹੀ ਸੀ ਨੇ ਕਰਤਾਰਪੁਰ ਵਿੱਚ ਹੀ ਡੇਰੇ ਜਮਾਏ ਬੈਠੇ ਸਨ। ਇਹਨਾਂ ਵਿਚ ਕਈ ਘੜੰਮ ਚੌਧਰੀ ਵੀ ਸ਼ਾਮਲ ਹੋ ਚੁੱਕੇ ਸਨ। ਅਜਿਹੇ ਲੋਕਾਂ ਦੀਆਂ ਸ਼ਕਾਇਤਾਂ ਵੀ ਪ੍ਰਬੰਧਕਾਂ ਨੂੰ ਮਿਲਦੀਆਂ ਰਹਿੰਦੀਆਂ ਸਨ। ਇਨਾਂ ਲੜਾਈਆਂ ਝਗੜੇ ਬਹਿਸਾਂ ਆਦਿ ਕਰਨੀਆਂ। ਕਦੀ ਸ਼ਰਾਰਤਾਂ ਦੀਆਂ ਵੀ ਸ਼ਕਾਇਤਾਂ ਮਿਲਣੀਆਂ।

ਇਕ ਜੋਗੀ ਨੇ ਗੁਰੂ ਸਾਹਿਬ ਨੂੰ ਸੁਚੇਤ ਕੀਤਾ ਕਿ ਇਸ ਦਾ ਕੋਈ ਹੱਲ ਕੱਢੋ ਨਹੀ ਤਾਂ ਇਥੇ ਹੋਰ ਮੁਸ਼ਕਲ ਹੋ ਜਾਏਗੀ।

ਗੁਰੂ ਸਾਹਿਬ ਨੇ ਬੰਦਾ ਭੇਜ ਕੇ ਕਲਾਨੌਰ ਸ਼ਹਿਰ ਤੋਂ ਕੋਈ 50-60 ਬਹੋਲੇ* ਮੰਗਵਾ ਲਏ।

ਸ਼ਾਮੀ ਫਿਰ ਸਾਰੇ ਸ਼ਰਧਾਲੂਆਂ ਨੂੰ ਹੁਕਮ ਕਰ ਦਿੱਤਾ ਕਿ ਕਲ ਪੈਲੀ ਗੋਡਣੀ ਹੈ ਤੇ ਸਾਰੇ ਇਸ ਨੇਕ ਕੰਮ ਵਿੱਚ ਆਪਣਾ ਹਿੱਸਾ ਪਾਓ। ਇੱਕ ਬਹੋਲੇ ਪਿੱਛੇ ਤਿੰਨ -ਤਿੰਨ, ਚਾਰ-ਚਾਰ ਬੰਦੇ ਲਾ ਦਿੱਤੇ। ਜਦੋਂ ਛਾਹਵੇਲੇ ਦਾ ਲੰਗਰ ਹੋਇਆ ਤਾਂ ਨਾਲ ਹੀ ਲਾਂਗਰੀਆਂ ਇਹ ਸੁਨੇਹਾ ਦੇ ਦਿੱਤਾ ਕਿ ਅੱਜ ਸ਼ਾਮ ਦਾ ਫੋਕਾ ਹੀ ਹੈ। ਮਤਲਬ ਕਿਸੇ ਵਜ੍ਹਾ ਕਰਕੇ ਸ਼ਾਮੀ ਲੰਗਰ ਨਹੀ ਪਕੇਗਾ।

ਵਿਹਲੜ ਹੱਡ ਹਰਾਮੀ ਲੋਕ ਤਾਂ ਪਹਿਲਾ ਹੀ ਬੁਖਲਾ ਉਠੇ ਤੇ ਆਪਸ ਵਿਚ ਲੱਗੇ ਖੁਸਰ ਫੁਸਰ ਕਰਨ, "ਇਹ ਚੰਗਾ ਸਾਧੂ ਹੈ ਜਿਹੜਾ ਲੋਕਾਂ ਕੋਲੋ ਮਿਹਨਤ ਕਰਵਾਉਦਾ ਹੈ।" ਫਿਰ ਜਦੋਂ ਲੰਗਰ ਬਾਰੇ ਸੁਣਿਆ ਤਾਂ ਉਨਾਂ ਵਿਚ ਬਹੁਤਿਆਂ ਕਹਿਣਾ ਸ਼ੁਰੂ ਕਰ ਦਿੱਤਾ "ਅਸੀ ਤਾਂ ਬਸ ਚੱਲੇ ਹੀ ਸੀ ਸਿਰਫ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਉਡੀਕ ਕਰ ਰਹੇ ਸਾਂ।" ਸੋ ਜਿਹੜੇ ਤਾਂ ਨੇੜ ਦੇ ਪਿੰਡਾਂ ਥਾਂਵਾ ਦੇ ਸਨ ਉਹ ਤਾਂ ਓਦੋ ਹੀ ਲੰਗਰ ਛਕ ਕੇ ਚਲਦੇ ਬਣੇ। ਬਾਕੀ ਅਗਲੇ ਸਵੇਰੇ ਖਿਸਕ ਗਏ।

ਅਗਲੇ ਦਿਨ ਫਿਰ ਜਿਹੜੇ ਬਾਕੀ ਬਚੇ ਉਹ ਅਸਲੀ ਸ਼ਰਧਾਵਾਨ ਸਨ। ਗੁਰੂ ਸਾਹਿਬ ਨੇ ਉਨਾਂ ਤੇ ਬਹੁਤ ਪ੍ਰਸੰਨਤਾ ਜਤਾਈ ਤੇ ਲਾਂਗਰੀਆਂ ਨੂੰ ਹੁਕਮ ਦਿੱਤਾ ਕਿ ਇਨਾਂ ਵਾਸਤੇ ਚੰਗੇ ਚੋਖੇ ਸਵਾਦੀ ਪਕਵਾਨ ਬਣਾਏ ਜਾਣ।

ਜਦੋਂ ਪਤਾ ਲੱਗਾ ਕਿ ਬਾਬੇ ਨਾਨਕ ਦੀ ਵਾਹੀ ਵਿੱਚ ਪੈਲੀਆਂ ਹਲ ਨਾਲ ਨਹੀ ਸਗੋਂ ਬਹੋਲਿਆਂ ਨਾਲ ਹੀ ਪੁੱਟੀਆਂ ਜਾ ਰਹੀਆਂ ਹਨ ਤਾਂ ਕਿਸਾਨ ਆਪਣੀਆਂ ਆਪਣੀਆਂ ਜੋਗਾਂ ਲੈ ਕੇ ਆਉਦੇ ਤੇ ਦਿਨ ਭਰ ਬਾਬਾ ਦੇ ਖੇਤ ਵਾਹੇ ਜਾਂਦੇ। ਇਹ ਪ੍ਰੰਪਰਾ 1947 ਤੱਕ ਚਲਦੀ ਰਹੀ। ਪੈਲੀ ਵਾਹੁੰਣ ਤੋਂ ਇਲਾਵਾ ਕਿਸਾਨ ਆਪਣੇ ਹਲ ਵਾਹਿਕ ਪਸ਼ੂ ਖੂਹਾਂ ਤੇ ਵੀ ਜੋਤ ਦੇ ਸਨ।

ਹੁਣ ਕਰਤਾਰਪੁਰ ਦੇ ਪ੍ਰਬੰਧਕਾਂ ਨੂੰ ਰਸਤਾ ਮਿਲ ਗਇਆ ਸੀ ਕਿ ਵਿਹਲੜਾਂ ਤੋਂ ਕਿਵੇ ਨਜਾਤ ਹਾਸਲ ਕੀਤੀ ਜਾਏ।◉

-----◈-----

### ਜਦੋਂ ਦੋ ਕਾਜੀਆਂ ਨੂੰ ਸ਼ਾਬਾਸ਼ ਦਿੱਤੀ ▪

ਇਕ ਵੇਰਾਂ ਕਰਤਾਰਪੁਰ ਸਾਹਿਬ ਦੋ ਕਾਜੀ ਆ ਗਏ। ਉਹ ਗੁਰੂ ਸਾਹਿਬ ਦੀ ਬੁਲੰਦ ਰੂਹਾਨੀ ਸੂਰਤਹਾਲ ਜਾਣਦੇ ਸਨ। ਉਨਾਂ ਗੁਰੂ ਸਾਹਿਬ ਦਾ ਵਖਿਆਨ ਵੀ ਸੁਣਿਆ। ਕੁਝ ਸਮੇਂ ਬਾਦ ਉਨਾਂ ਦੀ ਆਪਸ ਵਿੱਚ ਗੱਲ ਬਾਤ ਦੌਰਾਨ ਬਹਿਸ ਹੋ ਗਈ। ਇੱਕ ਕਹੇ ਕਿ ਖ਼ੁਦਾ ਨੂੰ ਹਾਸਲ ਕਰਨ ਲਈ ਮੰਨ ਮਾਰ ਕੇ ਲਗਾਤਾਰ ਬੰਦਗੀ ਜਰੂਰੀ ਹੈ। ਦੂਸਰਾ ਕਹੇ ਨਹੀ ਜੀ ਕਰਨ ਕਰਾਵਣਹਾਰ ਖੁਦਾ ਆਪ ਹੈ ਉਹਦੀ ਨਦਰੋ-ਕਰਮ (ਬਖਸ਼ਸ਼) ਹੋਵੇ ਤਾਂ ਬੰਦਾ ਬੰਦਗੀ ਕਰੇ। ਜੇ ਉਹ ਖੁਦਾ ਦਾ ਕਰਮ ਨਾਂ ਹੋਵੇ ਤਾਂ ਬੰਦਗੀ ਹੋ ਹੀ ਨਹੀ ਸਕਦੀ।

ਗੁਰੂ ਸਾਹਿਬ ਨੇ ਕਾਜ਼ੀਆਂ ਨੂੰ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਮੀਆਂ ਜੀ ਤੁਸੀ ਦੋਵੇ ਠੀਕ ਹੋ। ਤੁਹਾਡੇ ਦੋਵਾਂ ਤੇ ਖੁਦਾ ਖੁਸ਼ ਹੈ ਜਿਹੜੀ ਉਸ ਨੇ ਤੁਹਾਨੂੰ ਇਹ ਸੋਚਣ ਦੀ ਅਕਲ ਬਖਸ਼ੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਖੁਦਾ ਦੇ ਰਾਹ ਤੇ ਦੋਵੇ ਗੱਲਾਂ ਹੀ ਜਰੂਰੀ ਹਨ। ਬਸ ਬੰਦਾ ਦੁਆ ਕਰੀ ਜਾਏ ਕਿ ਐ ਖੁਦਾ ਤੂੰ ਬਖਸ਼ ਲੈ ਮੈਂ ਗੁਨਾਹਗਾਰ।

ਨਾਲ ਸੰਗਤ ਨੂੰ ਗੁਰੂ ਸਾਹਿਬ ਨੇ ਸਮਝਾਇਆ ਕਿ ਜੋ ਚੰਗਾ ਹੋਵੇ ਉਹ ਰੱਬ ਨੂੰ ਅਰਪਣ ਕਰੋ ਤੇ ਜੋ ਮੰਦਾ ਹੋਵੇ ਉਹ ਆਪਣੇ ਤੇ ਲਓ ਕਿ ਆਹ ਗੁਨਾਹ ਜਾਂ ਗਲਤੀ ਮੈਂ ਕੀਤੀ ਹੈ। ਸਦਾ ਉਹਦੀ ਬੰਦਗੀ ਵਿੱਚ ਮਨ ਨੂੰ ਲਾਓ। ਗੁਰੂ ਸਾਹਿਬ ਨੇ ਮਰਦਾਨੇ ਦੀ

ਰਬਾਬ ਤੇ ਹੋਰ ਵਜੰਤਰੀਆਂ ਤੇ ਸੰਗਤ ਨੇ ਰਲ ਕੇ ਸ਼ਬਦ ਗਾਇਆ:-

ਆਸਾ ਮਹਲਾ ੧ ॥ ਆਪਿ ਕਰੇ ਸਚੁ ਅਲਖ ਅਪਾਰੁ ॥ ਹਉ ਪਾਪੀ ਤੂੰ ਬਖਸਣਹਾਰੁ ॥੧॥ ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥ ਮਨਮੁਖ ਕੀ ਮਤਿ ਕੂੜਿ ਵਿਆਪੀ ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥ ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥ ਜੋ ਉਪਜੈ ਸੋ ਅਲਖ ਅਭੇਵਹੁ ॥੩॥ ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥ ਸਗਲੀਂ ਸਉਦੀਂ ਤੋਟਾ ਆਵੈ ॥ ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥

ਬੇਲੇ ਵਿੱਚ ਹਰ ਪੰਛੀ ਹਰ ਪਸ਼ੂ ਵੀ ਝੂਮ ਉਠਿਆ। ਅੰਤ ਵਿੱਚ ਅਵਾਜ਼ਾ ਗੂੰਜਿਆ;ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ।

-----◈-----

## ਜਦੋਂ ਬ੍ਰਾਹਮਣ ਨੇ ਚੁੱਲੇ ਵਾਸਤੇ ਥਾਂ ਪੁੱਟੀ ਤਾਂ ਕੁੱਤੇ ਦਾ ਕਰੰਗ ਨਿਕਲ ਆਇਆ◈

ਗੁਰੂ ਸਾਹਿਬ ਨੇ ਪੂਰਾ ਹਿੰਦੁਸਤਾਨ ਗਾਹ ਕੇ ਧਾਰਮਿਕ ਇਨਕਲਾਬ ਖੜਾ ਕਰ ਦਿੱਤਾ ਹੋਇਆ ਸੀ ਕਿ ਐ ਦੁਨੀਆਂ ਦੇ ਲੋਕੋ ਪੱਥਰ, ਪਿੱਪਲ, ਸੂਰਜ, ਬੱਦਲ ਤੇ ਵੱਖ ਵੱਖ ਅਵਤਾਰਾਂ ਦੀ ਪੂਜਾ ਦੇ ਚੱਕ੍ਰ ਵਿਚੋਂ ਬਾਹਰ ਨਿਕਲੋ। ਗੁਰੂ ਸਾਹਿਬ ਨੇ ਅਜਿਹੇ ਰੱਬ ਦਾ ਪ੍ਰਚਾਰ ਕੀਤਾ ਜਿਹੜਾ ਸਿਰਫ ਇਕੋ ਇੱਕ ਹੈ ਤੇ ਦੁਨੀਆ ਦਾ ਮਾਲਕ ਹੈ ਤੇ ਸਾਰਾ ਬ੍ਰਹਿਮੰਡ ਅਤੇ ਸਾਰੀ ਰਚਨਾ ਉਸ ਨਿਰੰਕਾਰ ਅਕਾਲ ਪੁਰਖ ਵਿਚੋਂ ਹੀ ਨਿਕਲਦੀ ਹੈ। ਉਹਦੀ ਕੋਈ ਹੱਦ ਬੰਦੀ ਨਹੀ। (ਇਸਲਾਮ ਤੇ ਈਸਾਈਮਤ ਉਨ੍ਹੰ ਸੱਤ ਅਕਾਸਾਂ ਤੇ ਪਤਾਲਾਂ ਤੱਕ ਗਿਣਦੇ ਹਨ।) ਗੁਰੂ ਸਾਹਿਬ ਨੇ ਪ੍ਰਚਾਰ ਵਿੱਚ ਭਾਰਤ ਦਾ ਕੋਈ ਮਹੱਤਵਪੂਰਨ ਧਾਰਮਿਕ ਤੇ ਰਾਜਨੀਤਕ ਅਸਥਾਨ ਨਹੀ ਸੀ ਛੱਡਿਆ। ਉਹ ਹਰ ਵੱਡੇ ਮੇਲੇ ਤੇ ਵੀ ਗਏ ਸਨ।

ਓਹਨੀ ਦਿਨੀਂ ਸਾਧੂ ਮਹਾਤਮਾ ਇੱਕ ਥਾਂ ਤੋਂ ਦੂਸਰੇ ਥਾਂ ਤੱਕ ਤੁਰੇ ਹੀ ਰਹਿੰਦੇ ਸਨ। ਚਕ੍ਰਵਰਤੀ ਸਾਧੂ ਹੀ ਅਖਬਾਰਾਂ ਸਨ। ਇਨਾਂ ਨੇ ਹੀ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਬਾਬਤ ਬਹੁਤ ਦੁਹਾਈ ਪਾਈ ਸੀ। ਕੋਈ ਇਸ ਦੇ ਵਿਰੁਧ ਸੀ ਤੇ ਕੋਈ ਹੱਕ ਵਿਚ।

ਫਿਰ ਜਦੋਂ ਗੁਰੂ ਸਾਹਿਬ ਨੇ ਕਰਤਾਰਪੁਰ ਨੂੰ ਆਪਣਾ ਟਿਕਾਣਾ ਬਣਾਇਆ ਤਾਂ ਸਾਧੂਆਂ ਦੇ ਟੋਲੇ (ਜਾਂ ਹੇੜਾਂ ਦੀਆਂ ਹੇੜਾਂ) ਰੋਜ ਹੀ ਇਥੇ ਆਏ ਰਹਿੰਦੇ ਸਨ।

ਜਿਵੇ ਆਪਾਂ ਜਾਣਦੇ ਹਾਂ ਓਨੀ ਦਿਨੀ ਸਕੂਲ ਵਿਦਵਾਨਾਂ ਦੇ ਆਪਣੇ ਹੁੰਦੇ ਸਨ। ਵਿਦਵਾਨ ਜਿਆਦਾਤਰ ਬ੍ਰਾਹਮਣ ਹੀ ਹੁੰਦੇ ਸਨ। ਸਰਕਾਰ ਅਮੂਮਨ ਇਨਾਂ ਨੂੰ ਕਦੇ ਕਦਾਈ ਮਾਇਕ ਮੱਦਦ ਦੇ ਦਿੰਦੀ ਸੀ। ਏਸੇ ਤਰਾਂ ਲਹੌਰ ਦੇ ਇੱਕ ਬ੍ਰਾਹਮਣ ਦੀ ਮਸ਼ਹੂਰ ਪਾਠਸ਼ਾਲਾ ਸੀ।

ਉਸ ਬ੍ਰਾਹਮਣ ਅਧਿਆਪਕ ਨੇ ਇੱਕ ਵੇਰਾਂ ਵੈਸ਼ਨੋ ਦੇਵੀ ਜਾਣ ਦਾ ਮੰਨ ਬਣਾਇਆ ਤਾਂ ਕੁਝ ਵਿਦਿਆਰਥੀ ਵੀ ਨਾਲ ਹੀ ਤਿਆਰ ਹੋ ਗਏ। ਅਧਿਆਪਕ ਨੇ ਇੱਕ ਪੜਾਅ ਕਰਤਾਰਪੁਰ ਕਰਨਾਂ ਤਹਿ ਕੀਤਾ। ਕਲਾਨੌਰ ਉਂਜ ਵੀ ਇੱਕ ਮਹਤਵਪੂਰਨ ਪੜਾਅ ਸੀ। ਲਹੌਰ ਵਾਲੇ ਪਾਸਿਓ ਸਿਆਲਕੋਟ (ਵੈਸ਼ਨੋ ਦੇਵੀ) ਵਾਲੇ ਪਾਸੇ ਜਾਣ ਜਾਂ ਫਿਰ ਕਸ਼ਮੀਰ ਤੇ ਰਾਵਲਪਿੰਡੀ ਇਲਾਕੇ ਪਾਸਿਓ ਹਰਦੁਆਰ ਜਾਣ ਵੇਲੇ ਰਸਤੇ ਵਿੱਚ ਸੀ। ਸਾਧੂਆਂ ਤੋਂ ਇਲਾਵਾ ਕਰਤਾਰਪੁਰ ਵਿਖੇ ਰੋਜਾਨਾਂ ਸੈਕੜੇ ਲੋਕ ਆ ਕੇ ਰੁਕਦੇ ਸਨ।

ਜਦੋਂ ਉਹ ਪਾਂਧਾ ਆਪਣੇ ਵਿਦਿਆਰਥੀਆਂ ਨਾਲ ਕਰਤਾਰਪੁਰ ਸਾਹਿਬ ਵਿਖੇ ਪਹੁੰਚਿਆ ਤਾਂ ਸੇਵਾਦਾਰਾਂ ਨੇ ਉਹਨਾਂ ਦੀ ਖਿੜੇ ਮੱਥੇ ਆਓ ਭਗਤ ਕੀਤੀ। ਅਰਾਮ ਕਰਨ ਲਈ ਧਰਮਸਾਲ ਵਿੱਚ ਇੱਕ ਨੁੱਕਰ ਦੇ ਦਿੱਤੀ। ਕੱਚੇ ਫਰਸ਼ ਤੇ ਪਰਾਲੀ ਜਾਂ ਕਾਹ (ਲੰਮਾ ਘਾਹ) ਦਾ ਇੱਕ ਤਰਾਂ ਦਾ ਗੱਦਾ ਹੁੰਦਾ ਸੀ। ਸੇਵਾਦਾਰ ਯਾਤਰੂਆਂ ਦੀ ਥਕਾਵਟ ਲਾਹੁਣ ਖਾਤਰ ਪਹਿਲਾਂ ਇਸ਼ਨਾਨ ਆਦਿ ਕਰਵਾਉਦੇ। ਫਿਰ ਜਰੂਰਤ ਅਨੁਸਾਰ ਗਰਮ ਦੁੱਧ ਵਗੈਰਾ ਵਰਤਾਇਆ ਜਾਂਦਾ। ਲੰਗਰ ਨਿਯਤ ਵਕਤ ਤੇ ਦੋ ਵਾਰੀ ਮਿਲਦਾ। ਬਹੁਤ ਸਾਦਾ ਲੰਗਰ ਹੋਇਆ ਕਰਦਾ ਸੀ। ਅਮੂਮਨ ਬਾਜਰੇ ਦੀ ਰੋਟੀ ਕਦੀ ਖਿਚੜੀ ਨਾਲ ਜਾਂ ਕਦੀ ਦਾਲ ਨਾਲ ਹੁੰਦੀ।

ਪਾਂਧੇ ਨੇ ਸੇਵਾਦਾਰਾਂ ਨੂੰ ਇਤਲਾਹ ਦੇ ਦਿੱਤੀ ਕਿ ਅਸੀ ਸ਼ੁੱਧਤਾ ਦਾ ਪਾਲਣ ਕਰਦੇ ਹਾਂ ਤੇ ਸਾਡੇ ਵਾਸਤੇ ਲੰਗਰ ਨਾਂ ਬਣਾਉਣਾ। ਗੁਰਮੱਤ ਵਿੱਚ ਪ੍ਰਪੱਕ ਹੋ ਚੁੱਕੇ ਸੇਵਾਦਾਰਾਂ ਕਿਹਾ ਕਿ ਅਸੀ ਪੂਰੀ ਸਫਾਈ ਨਾਲ ਨਹਾ ਧੋ ਕੇ ਲੰਗਰ ਤਿਆਰ ਕਰਦੇ ਹਾਂ। ਪਰ ਪਾਂਧਾ ਜੀ ਨੂੰ ਕਰਤਾਰਪੁਰ ਦੇ ਲੰਗਰ ਦੇ ਤੌਰ ਤਰੀਕੇ ਪਸੰਦ ਨਹੀ ਸਨ। ਉਨ੍ਹੰ ਇਸ ਗੱਲ ਦਾ ਇਲਮ ਸੀ ਕਿ ਬਾਬੇ ਨਾਨਕ ਦੇ ਲੰਗਰ ਦੇ ਵਰਤਾਵੇ ਬਹੁਤੇ ਨੀਵੀ ਜਾਂਤਾ ਵਾਲੇ ਸ਼ੂਦਰ ਸਨ।

ਗੁਰੂ ਸਾਹਿਬ ਨੇ ਪਹਿਲਾਂ ਹੀ ਹੁਕਮ ਕੀਤਾ ਹੋਇਆ ਸੀ ਕਿ ਯਾਤਰੂ ਨੂੰ ਜਿੰਨੀ ਵੀ ਸੰਭਵ ਹੋਵੇ ਸਹਾਇਤਾ ਦੇਣੀ ਹੈ। ਪਾਂਧਾ ਜੀ ਨੇ ਸੁੱਕੇ ਬਾਲਣ ਤੇ ਕੁਝ ਰਸਦ ਮੰਗੀ ਜੋ ਸੇਵਾਦਾਰਾਂ ਨੇ ਤੁਰੰਤ ਦੇ ਦਿੱਤੀ।

ਪਾਂਧੇ ਨੇ ਉਸ ਸੁੱਕੇ ਬਾਲਣ ਨੂੰ ਪਹਿਲਾਂ ਧੋਤਾ ਤੇ ਫਿਰ ਸੁਕਾਇਆ। ਫਿਰ ਚੁੱਲਾ ਬਣਾਉਣ ਵਾਸਤੇ ਥਾਂ ਪੁੱਟੀ ਤਾਂ ਹੇਠੋਂ ਕੁੱਤੇ ਦਾ ਕਰੰਗ ਨਿਕਲ ਆਇਆ। ਥੂ ਥੂ ਕਰਦੇ ਬ੍ਰਾਹਮਣ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦੂਸਰੇ ਥਾਂ ਚੁੱਲਾ ਬਣਾਓ। ਦੂਸਰੀ ਥਾਂ ਪੁੱਟੀ ਤਾਂ ਹੇਠੋ ਕੀੜੀਆਂ ਦਾ ਭਾਉਣ ਨਿਕਲ ਆਇਆ। ਸੇਵਾਦਾਰ ਨੇ ਝੱਟ ਪਾਂਧਾ ਜੀ ਨੂੰ ਯਾਦ ਦਿਵਾਇਆ ਕਿ ਇਹ ਉਹ ਕੀੜੀਆਂ ਹਨ ਜੋ ਚੁੱਪ ਚੁਪੀਤੇ ਲੰਗਰ ਦੀ ਰਸਦ ਲੈ ਆਉਦੀਆਂ ਹਨ। ਪਾਂਧਾ ਜੀ ਨੇ ਹੁਕਮ ਕੀਤਾ ਕਿ, ਨਹੀ, ਜੀਅ ਹੱਤਿਆ ਨਹੀ ਕਰਨੀ, ਇਥੇ ਵੀ ਚੁੱਲਾ ਨਾ ਬਣਾਇਆ ਜਾਏ।

ਏਨੇ ਨੂੰ ਗੁਰੂ ਸਾਹਿਬ ਪਾਂਧੇ ਕੋਲ ਆਏ ਤੇ ਬੜੇ ਆਦਰ ਸਤਿਕਾਰ ਨਾਲ ਪਾਂਧਾ ਜੀ ਨੂੰ ਦੱਸਿਆ ਕਿ ਜਿਹੋ ਜਿਹੀ ਥਾਂ ਤੁਸੀ ਲੱਭ ਰਹੇ ਹੋ ਉਹ ਧਰਤੀ ਤੇ ਨਹੀ ਮਿਲਣੀ। ਇਹ ਜਮੀਨ ਲੱਖਾਂ ਸਾਲਾਂ ਤੋਂ ਇਥੇ ਪਈ ਹੈ ਇੰਚ ਇੰਚ ਤੇ ਹੁਣ ਤੱਕ ਲੱਖਾਂ ਜੀਆਂ ਦੀ ਮਿੱਟੀ ਪਈ ਹੈ ਜਿਸ ਅਸਲੀਅਤ ਨੂੰ ਤੁਸੀ ਨਜਰਅੰਦਾਜ਼ ਕਰੀ ਜਾਂਦੇ ਰਹੇ ਹੋ। ਫਿਰ ਜਿਹੜੀ ਲਕੜੀ ਤੁਸੀ ਧੋ ਸਵਾਰ ਕੇ ਬਾਲਣ ਲਈ ਤਿਆਰ ਕੀਤੀ ਹੈ ਉਹਦੇ ਅੰਦਰ ਵੀ ਘੁਣ ਨਾਂ ਦਾ ਜੀਅ ਹੈ ਜਿਸਨੂੰ ਤੁਸੀ ਸਾੜ ਕੇ ਮਾਰ ਦੇਣਾ ਹੈ।

ਗੁਰੂ ਸਾਹਿਬ ਨੇ ਪਾਂਧਾ ਜੀ ਨੂੰ ਅਜਿਹੀ ਦਲੀਲ ਦਿੱਤੀ ਕਿ ਵਿਚਾਰਾ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਸ਼ਰਮਸ਼ਾਰ ਹੋ ਗਿਆ। ਨਿਰਉਤਰ ਹੋ ਕੇ ਗੁਰੂ ਸਾਹਿਬ ਦੇ ਚਰਨੀ ਲੱਗ

ਗਿਆ। ਗੁਰੂ ਸਾਹਿਬ ਨੇ ਜੱਫੀ ਵਿੱਚ ਲੈ ਕੇ ਪਿਆਰ ਸਤਿਕਾਰ ਦਿੱਤਾ।

ਇਸ ਮੌਕੇ ਗੁਰੂ ਸਾਹਿਬ ਨੇ ਸਬੰਧਤ ਸ਼ਬਦ ਵੀ ਗਾਏ।

**ਸੁਇਨੇ ਕਾ ਚਉਕਾ ਕੰਚਨ ਕੁਆਰ...**(ਪੂਰਾ ਸ਼ਬਦ ਵੇਖੋ ਸਫਾ-77)

ਪਾਂਧਾ ਵਾਪਸੀ ਮੌਕੇ ਵੀ ਫਿਰ ਕਰਤਾਰਪੁਰ ਕੁਝ ਦਿਨ ਠਹਿਰਿਆ ਤੇ ਗੁਰਮਤ ਦਾ ਸਿਧਾਂਤ ਗੁਰੂ ਚਰਨਾਂ ਵਿੱਚ ਬਹਿ ਕੇ ਸਮਝਿਆ। ਇਹ ਬ੍ਰਾਹਮਣ ਸਿੱਖ ਫਿਰ ਸਿੱਖੀ ਦਾ ਵੱਡਾ ਪ੍ਰਚਾਰਕ ਬਣਿਆ।

ਯਾਦ ਰਹੇ ਜਿਥੇ ਇਸ ਵੇਲੇ ਸਿੱਖੀ ਬਰਾਜਮਾਨ ਹੈ ਇਸ ਨੂੰ ਇਥੋ ਤੱਕ ਪਹੁੰਚਾਣ ਵਿੱਚ ਬ੍ਰਾਹਮਣ ਪ੍ਰਚਾਰਕਾਂ ਦਾ ਬਹੁਤ ਵੱਡਾ ਯੋਗਦਾਨ ਹੈ। ਸਿੱਖ ਰਾਜ ਦੇ ਪਤਨ ਤੋਂ ਬਾਦ ਫਿਰ ਸਾਜਿਸ਼ ਤਹਿਤ ਬ੍ਰਾਹਮਣਾਂ ਨੂੰ ਸਿੱਖੀ ਤੋਂ ਅਲਾਹਿਦਾ ਕੀਤਾ ਗਇਆ ਸੀ। ਇਹ ਸਾਜਿਸ਼ ਅੰਗਰੇਜਾਂ ਦੇ ਰਾਜ ਵੇਲੇ ਸ਼ੁਰੂ ਹੋਈ ਸੀ। ਕਿਉਂਕਿ ਉਨਾਂ ਦਾ ਮਕਸਦ ਸਿੱਖਾਂ ਵਿੱਚ ਵੰਡੀਆਂ ਪਾਉਣਾ ਤੇ ਰਾਜ ਕਰਨਾਂ ਸੀ। ਉਹ ਸਿੱਖਾਂ ਤੋਂ ਬਹੁਤ ਭੈਅ ਭੀਤ ਸਨ। ਬਦਕਿਸਮਤੀ ਨਾਲ ਓਹੋ ਨੀਤੀ ਅੱਜ ਤੱਕ ਚਲ ਰਹੀ ਹੈ।

----◈-----

## ਜਦੋਂ ਸਾਲਗ੍ਰਾਮ ਦੇ ਪੁਜਾਰੀ ਨਿਊਤਰ ਹੋਏ•

ਏਸੇ ਤਰਾਂ ਇੱਕ ਵੇਰਾਂ ਦੋ ਬ੍ਰਾਹਮਣ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ। ਸੇਵਾਦਾਰਾਂ ਨੇ ਜਦੋਂ ਲੰਗਰ ਪਾਣੀ ਪੁੱਛਿਆ ਤਾਂ ਉਹਨਾਂ ਐਵੇ ਆਨੇ ਬਹਾਨੇ ਲਾਏ। ਫਿਰ ਕੁਝ ਦੇਰ ਬਾਦ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਗੱਲਾਂ ਬਾਤਾਂ ਹੋਈਆਂ ਤਾਂ ਗੁਰੂ ਸਾਹਿਬ ਨੇ ਸਰਸਰੀ ਪੁੱਛ ਲਿਆ ਕਿ ਤੁਸਾਂ ਲੰਗਰ ਪਾਣੀ ਛਕਿਆ ਹੈ ਕਿ ਨਹੀ?

ਫਿਰ ਉਨਾਂ ਦਿਲ ਦੀ ਗੱਲ ਕਹਿ ਦਿੱਤੀ ਕਿ ਅਸੀ ਖੁਦ ਇਸ਼ਨਾਨ ਕਰਕੇ ਤੇ ਆਪਣੇ ਨਾਲ ਹੀ ਰੱਖੇ ਸਾਲਿਗ੍ਰਾਮ ਨੂੰ ਇਸ਼ਨਾਨ ਕਰਾਉਂਦੇ ਤੇ ਫਿਰ ਕੋਈ ਜਲ- ਪਾਨ ਕਰਦੇ ਹਾਂ। ਗੁਰੂ ਸਾਹਿਬ ਨੇ ਇਹ ਸੁਣ ਕੇ ਉਨਾਂ ਦੇ ਇਸ਼ਨਾਨ ਦਾ ਪ੍ਰਬੰਧ ਕਰਵਾਇਆ ਤੇ ਫਿਰ ਉਨਾਂ ਦੀ ਮਰਜੀ ਮੁਤਾਬਿਕ ਉਨਾਂ ਨੂੰ ਲੰਗਰ ਆਪ ਤਿਆਰ ਕਰਨ ਵਾਸਤੇ ਇਜਾਜਤ ਦਿੱਤੀ।

ਫਿਰ ਗੁਰੂ ਸਾਹਿਬ ਨੇ ਸ਼ਾਮ ਦੇ ਵਖਿਆਨ ਵਿੱਚ ਮਜਮੂਨ ਹੀ ਉਨਾਂ ਦੋਹਾਂ ਦਾ ਚੁੱਣਿਆ ਤੇ ਸਾਰਾ ਸਮਝਾਇਆ ਕਿ ਇਹ ਸੁੱਚ ਜੂਠ ਦਾ ਸੰਕਲਪ ਐਵੇ ਭੰਬਲਭੂਸਾ ਤੇ ਵਹਿਮ ਹੈ। ਨਾਲੇ ਇਹ ਜਿਹੜਾ ਤੁਸੀ ਪੱਥਰ ਚੁੱਕੀ ਫਿਰਦੇ ਹੋ ਇਹ ਸਭ ਵਿਅੱਰਥ ਹੈ। ਤੁਸੀ ਪੂਜਣਾ ਹੈ ਤਾਂ ਸਾਖਸ਼ਾਤ ਬ੍ਰਹਮ ਨੂੰ ਪੂਜੋ  ਜੋ ਹਰ ਥਾਂ ਬਰਾਜਮਾਨ ਹੈ। ਓਥੇ ਫਿਰ ਗੁਰੂ ਸਾਹਿਬ ਨੇ ਅੰਤ ਵਿੱਚ ਵਜੰਤਰੀਆਂ ਦੇ ਨਾਲ ਹੇਠ ਸ਼ੁੱਸ਼ੋਭਿਤ ਸ਼ਬਦ ਪੜਿਆ ਜਿਹੜਾ ਓਨਾਂ ਨੇ ਬਨਾਰਸ ਰਚਿਆ ਸੀ:

**ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥.........**

(ਪੂਰਾ ਸ਼ਬਦ ਵੇਖੋ ਪੰਨਾ 112)

-----◈-----

## ਜਿਸ ਤੇ ਬਖਸ਼ਸ਼ ਹੋਈ ਹੁੰਦੀ ਹੈ ਉਹਦੀ ਨਿਸ਼ਾਨੀ: ਉਹ ਸੱਚ ਤੇ ਚਲਦਾ ਹੈ•

ਇਕ ਦਿਨ ਕਰਤਾਰਪੁਰ ਵਿਖੇ ਹੀ ਕਿਸੇ ਜਗਿਆਸੂ ਨੇ ਸਵਾਲ ਕਰ ਦਿੱਤਾ ਕਿ ਜਿੰਨਾਂ ਪੁਰਖਾਂ ਤੇ ਅਕਾਲ ਪੁਰਖ ਮਿਹਰਵਾਨ ਹੋਇਆ ਹੁੰਦਾ ਹੈ ਉਨਾਂ ਦੀ ਕੀ ਨਿਸ਼ਾਨੀ ਹੁੰਦੀ ਹੈ?

ਫਿਰ ਗੁਰੂ ਸਾਹਿਬ ਨੇ ਸਮਝਾਇਆ ਕਿ ਅਜਿਹੇ ਪੁਰਖ ਸੱਚ ਦੇ ਧਾਰਨੀ ਹੁੰਦੇ ਨੇ ਤੇ ਸਦਾ ਰੱਬ ਦਾ ਗੁਣਗਾਨ ਕਰਦੇ ਰਹਿੰਦੇ ਨੇ। ਦੂਸਰੇ ਪਾਸੇ ਨਕਾਰਿਆ ਬੰਦਾ ਮਾਇਆ ਮੋਹ ਵਿੱਚ ਗਲਤਾਨ ਹੁੰਦਾ ਹੈ। ਕਈ ਵਾਰ ਲੋਕ ਉਲਟਾ ਵੀ ਸਮਝ ਲੈਂਦੇ ਨੇ ਕਿ ਜਿਹੜਾ ਮਾਇਆਧਾਰੀ ਤੇ ਝੂਠ ਵਿੱਚ ਗਲਤਾਨ ਹੈ ਇਹ ਬਖਸ਼ਿਆ ਹੋਇਆ ਹੈ। ਗੁਰਮੁਖ ਬੰਦਾ ਚੜ੍ਹਦੀ ਕਲਾ ਵਿੱਚ ਵਿਚਰਦਾ ਹੈ ਤੇ ਮਨਮੁਖ ਸਭ ਕੁਝ ਹੁੰਦਿਆਂ ਸੁੰਦਿਆਂ ਵੀ ਦੁਖੀ ਰਹਿੰਦਾ ਹੈ। ਸਾਹਿਬ ਨੇ ਸਾਰੀ ਸੰਗਤ ਨਾਲ ਰਲ ਕੇ ਉੱਚੀ ਅਵਾਜ ਵਿੱਚ ਸ਼ਬਦ ਗਾਵਿਆ:-

ਸਿਰੀਰਾਗੁ ਮਹਲਾ ੧ ॥ ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥ ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥ ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥ ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥ ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥ ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥

-----◈-----

## ਹੀਰਾ ਤਾਂ ਘਰ ਵਿੱਚ ਹੀ ਹੈ•

ਇਕ ਦਿਨ ਕਿਸੇ ਸ਼ਹਿਰ ਦੇ ਵੈਸ਼ਨੋ ਭਗਤ ਆ ਕਰਤਾਰਪੁਰ ਪਹੁੰਚੇ। ਲੰਗਰ ਪਾਣੀ ਛੱਕਣ ਤੋਂ ਬਾਦ ਗੁਰੂ ਸਾਹਿਬ ਦੇ ਹਾਜ਼ਰ ਹੋਏ ਤੇ ਕਹਿਣ ਲੱਗੇ ਕਿ ਬਾਬਾ ਜੀ ਤੁਹਾਡੀ ਬਹੁਤ ਉਸਤਤ ਸੁਣੀ ਹੈ ਇਸ ਕਰਕੇ ਦਰਸ਼ਨਾਂ ਲਈ ਆ ਗਏ ਹਾਂ। ਗੁਰੂ ਸਾਹਿਬ ਨੇ ਕਿਹਾ ਬੰਦੇ ਦੀ ਕਾਹਦੀ ਉਸਤਤ, ਹੁਣ ਸਾਹ ਆ ਰਿਹਾ ਹੈ, ਕੀ ਪਤਾ ਅਗਲਾ ਆਉਣਾ ਕਿ ਨਹੀ ਆਉਣਾ। ਸੋ ਜਸ ਸੁਣਨਾ ਜਾਂ ਕਰਨਾਂ ਹੈ ਤਾਂ ਅਕਾਲ ਪੁਰਖ ਸਰਬਵਿਆਪਕ ਮਾਲਕ ਦਾ ਕਰੋ।

ਵੈਸ਼ਨੋ ਸਾਧੂ ਝੱਟ ਬੋਲ ਉਠੇ ਜੀ ਉਸ ਹਰੀ ਤੱਕ ਕਿਵੇ ਪਹੁੰਚਿਆ ਜਾਏ? ਗੁਰੂ ਸਾਹਿਬ ਨੇ ਸਮਝਾਇਆ ਕਿ ਭਰਾਵੋ ਉਹ ਹੀਰਾ ਤੁਹਾਡੇ ਕੋਲ ਹੀ ਹੈ। ਇਨੂੰ ਜੰਗਲਾਂ ਬੇਲਿਆਂ ਵਿੱਚ ਨਾਂ ਲੱਭੋ। ਕਿਸੇ ਅਜਿਹੇ ਗੁਰੂ ਦੇ ਲੜ੍ਹ ਲੱਗ ਜਾਓ ਜਿਸ ਨੂੰ ਕਰਤੇ ਦੇ ਖੇਲ ਦੀ ਸਮਝ ਹੋਵੇ। ਉਪਰੰਤ ਸਿਫਤ ਸਲਾਹ ਜਾਂ ਜੱਸ ਗਾਉਣਾ ਹੀ ਉਹਦਾ ਇਕੋ ਇੱਕ ਰਾਹ ਹੈ। ਗੁਰੂ ਫਿਰ ਤੁਹਾਨੂੰ ਸਮਝਾਏਗਾ ਕਿ ਦੋ ਰਾਹ ਨੇ: ਇੱਕ ਮਨਮੁਖਤਾ ਵਾਲਾ ਤੇ ਦੂਸਰਾ ਗੁਰਮੁਖਤਾ ਵਾਲਾ।

ਇਸ ਤੇ ਗੂਰੂ ਸਾਹਿਬ ਨੇ ਫਿਰ ਭਰੇ ਦੀਵਾਨ ਵਿੱਚ ਮਰਦਾਨੇ ਦੀ ਰਬਾਬ ਦੀ ਸੰਗਤ ਵਿੱਚ ਸ਼ਬਦ ਗਾਇਆ:

ਸਿਰੀਰਾਗੁ ਮਹਲਾ ੧ ॥ ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ ਤਿਉ

ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥

ਗੁਰੂ ਸਾਹਿਬ ਨੇ ਅਸੂਲ ਦੱਸਿਆ ਕਿ ਮਾਇਆਧਾਰੀ ਬੰਦੇ ਨੂੰ ਸੱਚ ਨਹੀ ਹਜ਼ਮ ਹੁੰਦਾ ਤੇ ਗੁਰਮੁਖ ਬੰਦੇ ਨੂੰ ਝੂਠ ਨਹੀ ਪਚਦਾ।

-----◈-----

ਫਿਰ ਵੈਸ਼ਨੋ ਸਾਧੂਆਂ ਪੁਛਿਆ

## ਬਾਬਾ ਜੀ ਜੇ ਬੰਦਾ, ਸੰਨਿਆਸੀ ਸਾਧੂ ਬਣ ਜਾਏ ਤਾਂ?◘

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਗੱਲ ਤਾਂ ਗਿਆਨ ਨਾਲ ਬਣਨੀ ਹੈ। ਸੰਨਿਆਸੀ ਬਣ ਕੇ ਭਾਵੇ ਤੁਸੀ ਸਾਰੀ ਦੁਨੀਆ ਗਾਹ ਲਵੋ ਕੁਝ ਹਾਸਲ ਨਹੀ ਹੋਣ ਵਾਲਾ। ਉਹ ਹੀਰਾ ਤਾਂ ਤੁਹਾਡੇ ਘਰ ਵਿੱਚ ਹੀ ਹੈ। ਜਿਵੇ ਕਸਤੂਰੀ ਹਿਰਨ ਦੇ ਨਾਭ ਵਿੱਚ ਹੁੰਦੀ ਪਰ ਉਹ ਇਧਰ ਉਧਰ ਦੌੜਦਾ ਟੱਪਦਾ ਰਹਿੰਦਾ ਹੈ ਸੋਈ ਗੱਲ ਅਜਿਹੇ ਅਤੀਤਾਂ ਦੀ ਹੈ ਜੋ ਘਰ ਬਾਰ ਛੱਡ ਸਾਧ ਬਣ ਜਾਂਦੇ ਨੇ। ਗੁਰੂ ਸਾਹਿਬ ਨੇ ਸ਼ਬਦ ਕਿਹਾ:-

ਸਿਰੀਰਾਗੁ ਮਹਲਾ ੧ ॥ ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥ ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥ ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥ ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥ ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥

ਗਿਆਨ ਦੀ ਗੱਲ ਦੇ ਨਾਲ ਨਾਲ ਗੁਰੂ ਸਾਹਿਬ ਨੇ ਸੰਗਤ ਦੀ ਅਹਿਮੀਅਤ ਤੇ ਵੀ ਦੀਵਾਨ ਵਿੱਚ ਵਖਿਆਨ ਦਿੱਤਾ।

ਸਭ ਸੰਗਤ ਸਣੇ ਉਹ ਵੈਸ਼ਨੋ ਸਾਧੂਆਂ ਦੇ ਧੰਨ ਧੰਨ ਕਰ ਉਠੇ। ਧੰਨ ਗੁਰੂ ਨਾਨਕ। ਵਾਹਿਗੁਰੂ! ਵਾਹਿਗੁਰੂ!!

-----◈-----

## ਜਦੋਂ ਮੋਦੀਖਾਨੇ ਵਾਲਾ ਸਾਥੀ ਆ ਮਿਲਿਆ○

ਦੌਲਤ ਖਾਂ ਲੋਧੀ ਦੇ ਚਲਾਣੇ ਤੋਂ ਬਾਦ ਸੁਲਤਾਨਪੁਰ ਲੋਧੀ ਵੀ ਉਜੜਨਾ ਸ਼ੁਰੂ ਹੋ ਚੁੱਕਾ ਸੀ। ਇਲਾਕੇ ਦੇ ਨਵੇ ਕ੍ਰੋੜੀਏ ਨੇ ਲੋਧੀ ਵਾਲੇ ਕੁਝ, ਮੁਲਾਜਮ ਤਾਂ ਰੱਖ ਲਏ ਬਾਕੀ ਜਿੰਨਾਂ ਨੂੰ ਨਹੀ ਸੀ ਰੱਖਿਆ ਉਹ ਦੂਸਰੀਆਂ ਰਿਆਸਤਾਂ ਵਲ ਰਵਾਨਾ ਹੋ ਗਏ। ਪਰ ਕਈ ਆਪੋ ਆਪਣੇ ਪੁਰਾਣੇ ਟਿਕਾਣਿਆਂ ਤੇ ਪਹੁੰਚ ਵਾਹੀ ਜੋਤੀ ਜਾਂ ਹੱਟੀ-ਬਿਉਪਾਰ ਦਾ ਕੰਮ ਸੰਭਾਲਣ ਲਗ ਪਏ।

ਏਸੇ ਤਰਾਂ ਖੱਤਰੀ ਜਾਤ ਦਾ ਇੱਕ ਭਾਈ ਸੁਲਤਾਨਪੁਰ ਲੋਧੀ ਦੀ ਰਿਆਸਤ ਵਿੱਚ ਜੋ ਗੁਰੂ ਸਾਹਿਬ ਦੇ ਮੋਦੀਖਾਨੇ ਵੇਲੇ ਮੀਰ ਮੁਣਸ਼ੀ ਹੁੰਦਾ ਸੀ ਅਜਕਲ ਵਿਹਲਾ ਹੋ ਚੁੱਕਾ ਸੀ ਤੇ ਆਪਣੇ ਜੱਦੀ ਪਿੰਡ ਆ ਚੁੱਕਾ ਸੀ। ਇਸ ਨੇ ਜਦੋਂ ਗੁਰੂ ਸਾਹਿਬ ਦੀ ਚਾਰੇ ਬੰਨੇ ਕੀਰਤੀ ਸੁਣੀ ਤਾਂ ਉਸ ਦੇ ਮੰਨ ਵਿੱਚ ਵੀ ਆ ਹੀ ਗਇਆ ਕਿ ਮੈਂ ਵੀ 'ਨਾਨਕ' ਨੂੰ ਮਿਲ ਆਵਾਂ ਅੱਜ ਕਲ ਤਾਂ ਉਹ ਵੱਡਾ ਮਹਾਤਮਾ ਬਣ ਚੁੱਕਾ ਹੈ। ਇਹ ਖੱਤਰੀ ਕਿਸੇ ਵੇਲੇ ਉਸ ਟੀਮ ਵਿੱਚ ਸੀ ਜਿੰਨਾਂ ਨੇ ਗੁਰੂ ਸਾਹਿਬ ਦਾ ਹਿਸਾਬ ਚੈੱਕ ਕੀਤਾ ਸੀ।

ਗੁਰੂ ਸਾਹਿਬ ਨੇ ਜਿਵੇ ਮੁਣਸ਼ੀ ਦਾ ਆਉਣਾ ਸੁਣਿਆ ਆਪਣੇ ਆਸਣ ਤੋਂ ਉਠ ਅੱਗੇ ਹੋ ਮੁਣਸੀ ਦਾ ਆਦਰ ਸਵਾਗਤ ਕੀਤਾ। ਆਪਣੇ ਲਾਗੇ ਬੈਠਾਇਆ। ਸੁੱਖ ਸਾਂਦ ਪੁੱਛੀ। ਯਾਦ ਰਹੇ, ਆਏ ਗਏ ਲਈ ਪਾਣੀ ਧਾਣੀ ਪੁੱਛਣਾ ਦਾ ਸੇਵਾਦਾਰਾਂ ਦੀ ਜਿੰਮੇਵਾਰੀ ਹੁੰਦੀ ਸੀ। ਕਿਉਕਿ ਦੂਰੋ ਚਲ ਕੇ ਲੋਕ ਆਉਦੇ ਸਨ ਆਏ ਗਏ ਦੀ ਚੰਗੀ ਆਉ ਭਗਤ ਕੀਤੀ ਜਾਂਦੀ ਸੀ। ਪਹਿਲਾਂ ਲੰਗਰ ਪਾਣੀ ਤੇ ਫਿਰ ਗੁਰੂ ਸਾਹਿਬ ਨੂੰ ਮਿਲਣਾ ਹੁੰਦਾ ਸੀ।

ਮੁਣਸ਼ੀ ਕਹਿਣ ਲੱਗ ਪਿਆ ਜੀ ਮੈਂ ਤਾਂ ਪਹਿਲਾਂ ਹੀ ਸਾਥੀਆਂ ਨੂੰ ਕਿਹਾ ਕਰਦਾ ਸੀ ਕਿ ਨਾਨਕ ਦਾ ਸੁਭਾਅ ਵੱਖਰਾ ਹੀ ਹੈ। ਇਨੂੰ ਮਾਇਆ ਮੋਹ ਨਹੀ ਹੈ। ਉਂਜ ਮੈਨੂੰ ਦੁੱਖ ਲੱਗਾ ਜਦੋਂ ਤੁਸੀ ਸੁਲਤਾਨਪੁਰ ਵਾਲਾ ਘਰ ਘਾਟ ਲੁਟਾ ਦਿੱਤਾ ਸੀ। ਇਹ ਵੀ ਪਤਾ ਲੱਗਾ ਸੀ ਕਿ ਤੁਹਾਡਾ ਟੱਬਰ ਵੀ ਨਰਾਜ ਹੋ ਕੇ ਪੇਕੇ ਆ ਗਇਆ ਸੀ। ਬਹੁਤ ਮੁਸ਼ਕਲ ਵਕਤ ਵੇਖੇ ਨੇ ਤੁਸਾਂ।

ਗੁਰੂ ਸਾਹਿਬ ਨੇ ਕਿਹਾ ਨਹੀ ਮੁਣਸ਼ੀ ਜੀ ਮੈਂ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਮੈਨੂੰ ਨਾਮ ਦੀ ਪ੍ਰਾਪਤੀ ਹੋ ਗਈ। ਨਾਮ ਦੇ ਲੜ ਲਗਿਆਂ ਅਨੰਦ ਹੀ ਅਨੰਦ ਵਿਚ ਜੀਵੀਦਾ ਹੈ। ਫਿਰ ਤਾਂ ਜਿਸ ਹਾਲ ਕਰਤਾ-ਪੁਰਖ ਰੱਖਦਾ ਹੈ ਉਸੇ ਵਿਚ ਹੀ ਖੁਸ਼ੀ ਹੁੰਦੀ ਹੈ।

ਮੁਣਸ਼ੀ ਕਹਿਣ ਲੱਗਾ, "ਨਾਨਕ ਇਹ ਦੱਸ ਕਿਵੇ ਰਿਹਾ ਤੇਰਾ ਜਿੰਦਗੀ ਦਾ ਸਫਰ? ਅਸੀ ਸੁਣਿਐ ਸੀ ਤੁਸੀ 68 ਤੀਰਥਾਂ ਦੇ ਦਰਸ਼ਨਾਂ ਨੂੰ ਨਿਕਲ ਗਏ ਸੀ। ਪਤਾ ਲੱਗਾ ਤੁਸਾਂ ਤਾਂ ਸਾਰਾ ਹਿੰਦੁਸਤਾਨ ਗਾਹ ਮਾਰਿਆ ਹੈ। ਦੱਸੋ ਫਿਰ ਕੀ ਖੱਟਿਆ ਇਸ ਯਾਤਰਾ ਤੋਂ?"

ਗੁਰੂ ਸਾਹਿਬ ਨੇ ਬੜੀ ਹਾਲੀਮੀ ਨਾਲ ਜਵਾਬ ਦਿੱਤਾ ਕਿ ਮੈਂ ਤਾਂ ਨਾਮ ਦਾ ਹੀ ਵਪਾਰ ਕੀਤਾ ਹੈ। ਨਾਮ ਹੀ ਖੱਟਿਆ ਹੈ। ਨਾਮ ਹੀ ਵੇਚ ਕੇ (ਭਾਵ ਵੰਡ ਕੇ) ਆਇਆ ਹਾਂ। ਨਿਰੰਕਾਰ ਦੀ ਕਿਰਪਾ ਸਦਕਾ ਮੇਰਾ ਖਜ਼ਾਨਾ ਅੱਜ ਵੀ ਭਰਿਆ ਪਿਆ ਹੈ।

ਇਥੇ ਫਿਰ ਗੁਰੂ ਸਾਹਿਬ ਨੂੰ ਵੈਰਾਗ ਛੁੱਟਿਆ ਤੇ ਮਰਦਾਨੇ ਦੀ ਤਾਰ ਤੇ ਸ਼ਬਦ ਗਾਵਿਆ ਆਸਾ ਰਾਗ ਵਿਚ:

ਆਸਾ ਮਹਲਾ ੧ ॥ ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥ ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥੧॥ ਹਰਿ ਜੀਉ ਰਾਖਹੁ ਅਪਨੀ ਸਰਣਾਈ ॥ ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥ ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਜੋ ਹਰਿ ਰਾਤੇ ਸੇ ਜਨ ਪਰਵਾਣੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥ ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥ ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥ ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥ ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥

—▲—

ਪੈੜ ਸਰੋਤ

⊙ ਸੋਢੀ 2-147 ਨੇ ਵਹੋਲਾ ਲਿਖਿਆਂ ਹੈ। ਪਰ ਕਰਤਾਰਪੁਰ ਦੇ ਇਲਾਕੇ ਵਿੱਚ ਇਨੂੰ ਬਹੋਲਾ ਕਹਿੰਦੇ ਹਨ। ਬਹੋਲਾ ਇੱਕ ਤਰਾਂ ਨਾਲ ਛੋਟੀ ਕਹੀ (ਕਸੀ) ਹੀ ਹੁੰਦੀ ਹੈ ਪਰ ਇਸ ਦਾ ਡੰਡਾ ਲੰਮਾ ਹੁੰਦਾ ਹੈ ਤਾਂ ਕਿ ਬੰਦਾ ਖਲੋ ਕੇ ਗੋਡੀ ਆਦਿ ਕਰ ਸਕੇ। ■ ਸੋਢੀ 2- 333 ◈ ਗਿਆਨੀ 231, ● ਸੋਢੀ 2-336, ✚ਸੋਢੀ 2- 339, ◆ਸੋਢੀ 2-343, ◘ ਸੋਢੀ 2-346, ○ ਸੋਢੀ 2- 235

# ਮੁਕਾਮੀ ਦੌਰੇ -ਭਾਗ 3

1528-29 ਈ ਦਾ ਸਮਾਂ ਹੈ। ਭਾਵ ਚੌਥੀ ਉਦਾਸੀ ਤੋਂ ਪਹਿਲਾਂ। ਮਰਦਾਨਾ ਨਾਲ ਹੈ। 1524 ਈ. ਦੀਪਾਲਪੁਰ ਤੇ ਲਾਹੌਰ ਦੇ ਕਤਲੇਆਮ ਦੇ ਬਾਦ

ਗੁਰੂ ਸਾਹਿਬ ਨੇ ਦੂਰ ਦੂਰ ਦੀ ਉਦਾਸੀਆਂ ਤਾਂ ਕੀਤੀਆਂ ਹੀ ਪਰ ਇਹ ਨਹੀ ਕਿ ਪੰਜਾਬ ਨੂੰ ਉਹਨਾਂ ਨਜਰਅੰਦਾਜ਼ ਕੀਤਾ। ਕਰਤਾਰਪੁਰ ਵਸੇਬੇ ਤੋਂ ਬਾਦ ਉਹ ਜਦੋਂ ਜੀਅ ਆਉਦਾ ਨੇੜੇ ਤੇੜੇ (ਪੰਜਾਬ ਅਤੇ ਗਿਰਦ ਨਿਵਾਈ) ਚਲੇ ਜਾਂਦੇ। ਪਿਛੇ ਮੁਕਾਮੀ ਦੌਰੇ -ਭਾਗ 1 ਵਿਚ ਆਪਾਂ ਵੇਖਿਆ ਹੈ ਕਿ ਸਾਹਿਬ ਟਿੱਲਾ ਜੋਗੀਆਂ ਜਿਹਲਮ ਦਾ ਇਲਾਕਾ ਘੁੰਮਦੇ ਨੇ। ਫਿਰ ਮੁਕਾਮੀ ਦੌਰੇ -ਭਾਗ 2 ਸਿਆਲਕੋਟ, ਵੈਸ਼ਨੋਦੇਵੀ, ਭਦਰਵਾਹ, ਚੰਬਾ, ਸੁਲਤਾਨਪੁਰ ਬਟਾਲਾ ਗਾਹੁੰਦੇ ਨੇ। ਐਤਕਾਂ ਸਾਹਿਬ ਲਾਹੌਰੋ ਫਿਰੋਜਪੁਰ ਨੂੰ ਨਿਕਲਦੇ ਨੇ: ਭਾਗ 3।

-----◈-----

## ਬਾਬੇ ਦੇ ਕਸੂਰ ਆਗਮਨ ਤੇ ਰਾਸਧਾਰੀਆ ਨੇ ਨੱਚ ਕੇ ਖੁੱਸ਼ੀ ਮਨਾਈ॰

ਜਦੋਂ ਕਸੂਰ ਵਾਸੀਆਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਇਥੋਂ ਦੀ ਜਾ ਰਹੇ ਹਨ ਤਾਂ ਉਨਾਂ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਰੋਕ ਲਿਆ ਤੇ ਆਪਣੇ ਠਾਕਰਦੁਆਰੇ ਲੈ ਗਏ। ਓਥੇ ਰਾਸਧਾਰੀਏ (ਨਾਚੇ ਭਗਤ ਤੇ ਕੀਰਤਨੀਏ) ਮੌਜੂਦ ਸਨ ਜੋ ਭਗਵਾਨ ਨੂੰ ਨੱਚ ਮਨਾਉਣ ਵਿੱਚ ਵਿਸ਼ਵਾਸ਼ ਰੱਖਦੇ ਸਨ। ਪੈਰਾਂ ਵਿੱਚ ਘੁੰਗਰੂ, ਢੋਲ, ਛੈਣੇ, ਰਬਾਬ ਆਦਿ ਨਾਲ ਲੈਸ ਇਹ ਲੋਕ ਥਾਂ ਥਾਂ ਜਾ ਕੇ ਭਗਵਾਨ ਦਾ ਕੀਰਤਨ ਕਰਿਆ ਕਰਦੇ ਸਨ। ਜਿਵੇ ਗੁਰੂ ਸਾਹਿਬ ਮੰਦਰ ਪਹੁੰਚੇ ਕੀਰਤਨੀਆਂ ਨੇ ਰੰਗ ਬੰਨ ਦਿੱਤਾ। ਗੁਰੂ ਜੀ ਓਨਾਂ ਤੇ ਬਹੁਤ ਪ੍ਰਸੰਨ ਹੋਏ।

ਪਰ ਸਾਹਿਬ ਨੇ ਉਪਦੇਸ਼ ਦਿੱਤਾ ਕਿ ਤੁਹਾਡਾ ਇਹ ਨਚਣਾ ਵਿਅੱਰਥ ਹੈ ਜੇ ਤੁਸੀ ਨਾਮ ਦੇ ਸਿਧਾਂਤ ਨੂੰ ਨਾਂ ਸਮਝੋ ਤਾਂ। ਓਥੇ ਫਿਰ ਗੁਰੂ ਸਾਹਿਬ ਨੇ ਜੀਵਨ ਦੀ ਆਖਰੀ ਸੱਚਾਈ ਤੇ ਘੱਟ ਘੱਟ ਵਿੱਚ ਬਿਰਾਜਮਾਨ ਪ੍ਰਭੂ ਬਾਰੇ ਰੋਸ਼ਨੀ ਪਾਈ। ਅਤੇ ਦੱਸਿਆ ਕਿ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮਤ ਦੀ ਦੀਖਿਆ ਵਿੱਚ ਪ੍ਰੇਮ ਦੀ ਗੱਲ ਤੇ ਸੱਚ ਤੇ ਨਾਮ ਹੈ।

ਗੁਰੂ ਸਾਹਿਬ ਨੇ ਕਿਹਾ ਆਪਣੇ ਸਾਜ ਵਜਾਓ। ਆਸਾ ਦਾ ਅਲਾਪ ਉੱਚਾ ਕਰਕੇ ਲਾਇਆ ਤੇ ਸਬਦ ਬੋਲਿਆ*:-

**ਆਸਾ ਮਹਲਾ ੧ ॥ ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥ ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥ ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬ ॥**

ਗੁਰੂ ਸਾਹਿਬ ਨੇ ਕਿਹਾ ਕਿ ਖੂਬ ਨੱਚੋ ਗਾਓ। ਪਰ ਤੁਹਾਡੇ ਗਾਣੇ ਵਿਚ ਨਿਰੰਕਾਰ ਦੀ ਉਸਤਤ ਹੋਵੇ। ਰਾਸ ਧਾਰੀਏ ਇਹ ਸਬਦ ਸੁਣ ਕੇ ਝੂਮ ਉਠੇ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਗਈ।

-----◈-----

## ਖੇਮਕਰਨ ਸ਼ੇਖ ਇਬਰਾਹੀਮ ਨਾਲ ਫਿਰ ਮੇਲ ■

ਜਿਵੇ ਤੁਸਾਂ ਪਿੱਛੇ ਪੜਿਆ ਹੈ ਕਿ ਗੁਰੂ ਸਾਹਿਬ ਜੀ ਦੂਸਰੀ ਉਦਾਸੀ ਮੌਕੇ ਪਾਕ ਪੱਟਣ ਪਧਾਰੇ ਸਨ ਤੇ ਬਾਬਾ ਸ਼ੇਖ ਫਰੀਦ ਦੀ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਖ ਇਬਰਾਹੀਮ (ਜਨਮ ਸਾਖੀਆਂ ਦਾ ਸ਼ੇਖ ਬ੍ਰਹਮ) ਨਾਲ ਗੋਸ਼ਟਾਂ ਕੀਤੀਆਂ ਸਨ। ਓਦੋਂ ਸ਼ੇਖ ਸਾਹਿਬ ਨੇ ਗੁਰੂ ਸਾਹਿਬ ਕੋਲੋਂ ਅਕਾਲ ਪੁਰਖ ਨਿਰੰਕਾਰ ਬਾਰੇ ਤਰਾਂ ਤਰਾਂ ਦੇ ਸਵਾਲ ਕੀਤੇ ਸਨ। ਕਿ ਨਿਰੰਕਾਰ ਨੂੰ ਕਿਸ ਨੇ ਰੱਚਿਆ? ਰੱਬ ਕੀ ਹੈ ? ਕੁਦਰਤ ਕੀ ਹੈ? ਨਿਰੰਕਾਰ ਦੇ ਦਰਸ਼ਨ ਕਿਵੇ ਹੋਣਗੇ ਆਦਿ ਆਦਿ।

ਕਿਉਕਿ ਗੁਰੂ ਸਾਹਿਬ ਕਸੂਰ ਦੇ ਇਲਾਕੇ ਆਏ ਹੋਏ ਸਨ ਤਾਂ ਉਨਾਂ ਨੂੰ ਪੀਰਾਂ ਫਕੀਰਾਂ ਤੋਂ ਪਤਾ ਲੱਗਾ ਕਿ ਸ਼ੇਖ ਇਬਰਾਹੀਮ ਅੱਜ ਕਲ ਏਸੇ ਇਲਾਕੇ ਕਸੂਰੋ ਦੋ ਕੋਹ ਤੇ ਕਸੂਰ-ਪੱਟੀ ਸੜ੍ਹਕ (ਅੱਜ ਦਾ ਖੇਮਕਰਨ) ਲਾਗੇ ਸਤਲੁਜ ਦੇ ਬੇਲੇ ਵਿੱਚ ਡੇਰਾ ਜਮਾਏ ਹੋਏ ਹਨ। ਗੁਰੂ ਸਾਹਿਬ ਨੇ ਸ਼ੇਖ ਜੀ ਦੇ ਡੇਰੇ ਦੇ ਬਾਹਰ ਜਾ ਆਸਣ ਲਾਇਆ।

ਸ਼ੇਖ ਨੂੰ ਜਿਵੇ ਪਤਾ ਲੱਗਾ ਕਿ ਬਾਬਾ ਨਾਨਕ ਆਏ ਹਨ ਤੇ ਪਾਲਕੀ ਲੈ ਕੇ ਗਇਆ ਤੇ ਗੁਰੂ ਸਾਹਿਬ ਨੂੰ ਆਦਰ ਸਤਿਕਾਰ ਸਾਹਿਤ ਡੇਰੇ ਲੈ ਕੇ ਆਇਆ। ਗੁਰੂ ਸਾਹਿਬ ਨੇ ਸ਼ੇਖ ਜੀ ਦੀ ਉਸਤਤ ਵਿੱਚ ਸ਼ਬਦ ਬੋਲਿਆ:-

**ਵਡਹੰਸੁ ਮਹਲਾ ੧ ॥ ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥ ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥੧॥ ਰਹਾਉ ॥ ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥ ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥ ਰਾਹੁ ਦਸਾਈ ਨ ਜੁਲਾਂ ਆਖਾਂ**



ਖੇਮਕਰਨ ਵਿਖੇ ਭਾਰਤ-ਪਾਕ ਐਨ ਸਰਹੱਦ ਦੀ ਐਨ ਲਕੀਰ ਤੇ ਮੌਜੂਦ ਬਾਬਾ ਸ਼ੇਖ ਬ੍ਰਹਮ ਦੀ ਮਜਾਰ। ਇਥੇ ਮਜੌਰ ਜੱਟ ਸਿੱਖ ਬੰਦਾ ਹੈ। ਖੱਬੇ ਹੱਥ ਹਰੀ ਪੱਗ।

**ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥ ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲੱਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥**

ਅੱਗੋ ਸ਼ੇਖ ਸਾਹਿਬ ਨੇ ਖੁਦਾ ਦੀ ਸਿਫਤ ਸਾਲਾਹ ਵਿੱਚ ਸ਼ੇਅਰੋ ਸ਼ਾਇਰੀ ਕਹੀ। ਦੋ ਤਿੰਨ ਦਿਨ ਇਥੇ ਰੁੱਕ ਕੇ ਗੁਰੂ ਸਾਹਿਬ ਫਿਰੋਜਪੁਰ ਨੂੰ ਨਿਕਲ ਗਏ।

-----◈-----

## ਜਿਆਦਾ ਸਵਾਦ ਦੇ ਚੱਕ੍ਰ 'ਚ ਹੀ ਬੰਦਾ ਮਾਰਿਆ ਜਾਂਦੈ◈

ਰੱਬ ਨੇ ਕੁਝ ਅਜਿਹਾ ਖੇਲ ਬਣਾਇਆ ਹੋਇਆ ਕਿ ਅਕਸਰ ਹਰ ਜੀਵ ਦੀ ਮੌਤ ਅਮੂਮਨ ਉਹਦੇ ਆਪਣੇ ਲਾਲਚ ਕਾਰਨ ਹੀ ਆਉਂਦੀ ਹੈ।

ਐਤਕਾਂ ਕੁਝ ਦਿਨ ਲਾਹੌਰ ਰਹਿ ਕੇ ਸਵੇਰੇ ਸਵੱਖਤੇ ਲਾਹੌਰੋਂ ਫਿਰ ਰਾਵੀ ਦਰਿਆ ਦੇ ਨਾਲ ਨਾਲ ਜਾਂਦੀ ਮੁਲਤਾਨ ਵਾਲੀ ਸੜ੍ਹਕ ਤੇ ਜਾ ਰਹੇ ਸਨ। ਕਤੇਂ ਦਾ ਮਹੀਨਾ ਸੀ।

ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਜਦੋਂ ਗੁਰੂ ਸਾਹਿਬ ਉਦਾਸੀ ਤੇ ਹੁੰਦੇ ਸਨ ਤਾਂ ਬੜੀ ਮਸਤੀ 'ਚ ਰਹਿੰਦੇ ਸਨ। ਨਿਸ਼ਾਨੇ ਤੇ ਪਹੁੰਚਣ ਦੀ ਜਿਆਦਾ ਉਨਾਂ ਨੂੰ ਕਾਹਲ ਨਹੀ ਸੀ ਹੁੰਦੀ ਕਿ ਚਲੋ ਕਿਸੇ ਨੇੜੇ ਦੇ ਪਿੰਡ ਸ਼ਹਿਰ ਹੀ ਪਹੁੰਚ ਜਾਈਏ। ਕਿਸੇ ਕਿਸਮ ਦੀ ਕੋਈ ਇਛਾ ਜਾਂ ਖਾਹਸ਼ ਨਹੀ ਸੀ ਹੁੰਦੀ। ਸਿਵਾਇ ਇੱਕ ਖਾਹਸ਼ ਤੋਂ ਕਿ ਕਰਤਾਰ ਦਾ ਨਾਂ ਜੱਪਿਆ ਜਾਏ। ਹਮੇਸ਼ਾਂ ਅਨੰਦ ਚਿੱਤ ਰਹਿੰਦੇ ਸਨ। ਚਲਦਿਆਂ ਚਲਦਿਆ ਜਿੱਥੇ ਵੀ ਉਨਾਂ ਦਾ ਮੰਨ ਆਉਂਦਾ ਭਾਵੇ ਕੋਈ ਉਜਾੜ ਹੋਵੇ, ਟੋਆ-ਟਿਬਾ ਹੋਵੇ, ਮੌਸਮ ਮੁਤਾਬਿਕ ਕੋਈ ਠੰਡੀ ਛਾਂ ਹੋਵੇ, ਕਿਤੇ ਧੁੱਪ ਹੋਵੇ, ਖਾਸ ਕਰਕੇ ਕੋਈ ਬਾਗ ਬਗੀਚਾ, ਤਲਾਅ-ਟੋਬਾ, ਕਿਸੇ ਦਰਿਆ ਨਾਲੇ ਦਾ ਕਿਨਾਰਾ ਹੋਵੇ ਓਥੇ ਬਹਿ ਜਾਣਾਂ ਜਾਂ ਫਿਰ ਜਿੱਥੇ ਰਾਤ ਪੈਣੀ ਓਥੋਂ ਦੇ ਹੀ ਹੋ ਜਾਣਾ। ਜਦੋਂ ਦਿਲ ਕਰਨਾਂ ਤਾਂ ਮਰਦਾਨੇ ਨੂੰ ਕਹਿਣਾ ਛੇੜ ਮਰਦਾਨਿਆ ਰਬਾਬ।

ਕੁਝ ਕੁਦਰਤ ਦੀ ਰਜਾ ਮਰਦਾਨਾ ਵੀ ਇਸ ਹਾਲਾਤ ਵਿੱਚ ਖੁਸ਼ ਰਹਿੰਦਾ ਸੀ। ਦਰ ਅਸਲ ਮਰਦਾਨੇ ਨੇ ਬਾਬੇ ਦੀ ਰੂਹਾਨੀ ਬੁਲੰਦੀ ਦੇ ਚਮਤਕਾਰ ਕਈ ਵਾਰ ਵੇਖੇ ਪਰਖੇ ਸਨ। ਇੱਕ ਦੋ ਵਾਰ ਜਦੋਂ ਮਰਦਾ ਮਰਦਾ ਬਚਿਆ ਸੀ ਤਾਂ ਫਿਰ ਬਾਬੇ ਦਾ ਪੱਕਾ ਗੁਲਾਮ ਹੀ ਬਣ ਚੁੱਕਾ ਸੀ।

ਲਾਹੌਰੋਂ ਨਿਕਲ ਜਦੋਂ ਪਹਿਲੀ ਰਾਤ ਬਿਤਾਈ ਤਾਂ ਪੂਰਨਮਾਸ਼ੀ ਵਾਲੀ ਰਾਤ ਸੀ। ਇੱਕ ਉਜਾੜ ਜਿਹੀ ਥਾਂ ਡੇਰਾ ਲਾਇਆ ਸੀ। ਲਾਗੇ ਲੋਕਾਂ ਕਣਕਾਂ ਜੌਂ ਬੀਜੇ ਹੋਏ ਸਨ। ਰਾਵੀ ਦਾ ਕੰਢਾ ਹੋਣ ਕਰਕੇ ਜੰਗਲੀ ਜਾਨਵਰ ਰਾਤ ਨੂੰ ਆਮ ਪੈਂਦੇ ਸਨ। ਪੰਜਾਬ ਦੇ ਇਲਾਕੇ ਦੇ ਕਾਲੇ ਹਿਰਨਾਂ ਦੀਆ ਡਾਰਾਂ ਫਸਲਾਂ ਦਾ ਬਹੁਤ ਨੁਕਸਾਨ ਕਰਿਆ ਕਰਦੀਆ ਸਨ।



ਪੰਜਾਬ ਦੇ ਇਲਾਕੇ ਵਿਚ ਕਾਲਾ ਹਿਰਨ ਮਿਲਦਾ ਸੀ। ਜਿਆਦਾ ਸ਼ਿਕਾਰ ਹੋਣ ਕਰਕੇ ਇਹ ਇਥੋਂ ਅਲੋਪ ਹੋ ਚੁੱਕਾ ਹੈ ਤੇ ਅੱਜ ਸਿਰਫ ਹਰਿਆਣਾ ਅਤੇ ਰਾਜਸਥਾਨ ਦੇ ਕੁਝ ਇਲਾਕਿਆਂ ਵਿਚ ਮਿਲਦਾ ਹੈ।

ਏਸੇ ਤਰਾਂ ਜਦੋਂ ਗੁਰੂ ਸਾਹਿਬ ਤੇ ਮਰਦਾਨਾ ਬੈਠੇ ਸਨ ਤਾਂ ਦੂਰ ਕੀ ਵੇਖਦੇ ਹਨ ਕਿ ਹਿਰਨਾਂ ਦੀ ਡਾਰ ਚੁੱਗ ਰਹੀ ਹੈ ਤੇ ਇੱਕ ਹਿਰਨ ਲਾਲਚ ਵਿੱਚ ਆ ਕੇ ਜੱਟ ਦੀ ਪੈਲੀ ਵਿੱਚ ਵੜਨ ਦੀ ਕੋਸ਼ਿਸ ਕਰਦਾ ਹੈ। ਜੱਟ ਨੇ ਚੁਫੇਰੇ ਵਾੜ ਲਾਈ ਹੋਈ ਹੈ ਪਰ ਇੱਕ ਥਾਂ ਤੇ ਵਾੜ ਕਮਜੋਰ ਹੈ ਪਰ ਨਾਲ ਓਥੇ ਉਸ ਨੇ ਫਾਹੀ ਵੀ ਲਾਈ ਹੋਈ ਹੈ।

ਹਿਰਨ ਹਿੰਮਤ ਕਰਕੇ ਹਰੀ ਅੰਗੂਰੀ ਚੁਗਣ ਵਾਸਤੇ ਉੱਚੀ ਛਾਲ ਮਾਰਦੈ ਤੇ ਨਾਲ ਫਾਹੀ ਵਿੱਚ ਫਸ ਜਾਂਦੈ। ਇਹ ਵੇਖ ਬਾਕੀ ਦੇ ਸਾਰੇ ਹਿਰਨ ਓਥੋਂ ਦੌੜ ਜਾਂਦੇ ਹਨ। ਫਸਿਆ ਹਿਰਨ ਤੜਫਦਾ ਕੁਰਲਾਉਂਦਾ ਹੈ।

ਇਸ ਦਰਦਨਾਕ ਨਜਾਰੇ ਨੂੰ ਵੇਖ ਗੁਰੂ ਸਾਹਿਬ ਆਸਾ ਰਾਗ ਵਿੱਚ ਹੇਠ ਸ਼ੁਸ਼ੋਭਿਤ ਸ਼ਬਦ ਬੋਲਦੇ ਹਨ।ਮਨੁੱਖੀ ਮੰਨ ਨੂੰ ਸਮਝਾਉਂਦੇ ਹਨ ਕਿ ਨਿਰੰਕਾਰ ਕਰਤਾਰ ਦੀ ਅਰਾਧਨਾ ਕਰਿਆ ਕਰ। ਫਿਰ ਉਹ ਤੈਨੂੰ ਅਜਿਹੀਆਂ ਫਾਹੀਆਂ ਤੋਂ ਬਚਾਏਗਾ। ਏਸੇ ਤਰਾਂ ਭਉਰੇ ਦੀ ਵੀ ਉਦਾਹਰਣ ਦਿੰਦੇ ਹਨ। ਫਿਰ ਮੱਛੀ ਕਿਵੇ ਸ਼ਿਕਾਰੀ ਦੇ ਜਾਲ ਵਿੱਚ ਆਪ ਮੁਹਾਰੇ ਆ ਫਸਦੀ ਹੈ। ਸੰਸਾਰ ਦੇ ਮਿੱਠੇ ਮੋਹ ਆਦਿ ਵਿੱਚ ਜੀਵ ਫਸਦਾ ਹੈ। ਹੈਰਾਨੀ ਹੁੰਦੀ ਹੈ ਇਥੇ ਗੁਰੂ "ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ " ਵੀ ਕਹਿ ਦਿੰਦੇ ਹਨ।

ਸ਼ਾਇਦ ਇਹ ਮਰਦਾਨੇ ਨੂੰ ਇਸ਼ਾਰੇ ਦੇ ਰਹੇ ਹਨ। ਫਿਰ ਇੱਕ ਥਾਂ ਵਿਛੋੜੇ ਦੀ ਗੱਲ ਵੀ ਕਰ ਗਏ ਹਨ:- "ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ" ॥ ਯਾਦ ਰਹੇ ਇਸ ਤੋਂ ਬਾਦ ਛੇਤੀ ਹੀ ਚੌਥੀ ਉਦਾਸੀ ਤੇ ਰਵਾਨਾ ਹੁੰਦੇ ਹਨ। ਪ੍ਰਦੇਸਾਂ ਦੀ ਇਸ ਉਦਾਸੀ ਵੇਲੇ ਮਰਦਾਨੇ ਦਾ ਵੀ ਚਲਾਣਾ ਹੋ ਜਾਂਦਾ ਹੈ। ਅੰਤ ਵਿੱਚ ਇਹ ਵੀ ਇਸ਼ਾਰੇ ਦੇ ਦਿੰਦੇ ਹਨ ਕਿ ਜਿਹੜੇ ਲੋਕ ਸ਼ਬਦ ਭਾਵ ਪ੍ਰਭੂ ਦੇ ਨਾਂ ਵਿੱਚ ਰੰਗੇ ਹੋਏ ਹਨ ਉਹਨਾਂ ਦਾ ਦੁਬਾਰਾ ਮੇਲ ਵੀ ਹੋ ਜਾਂਦਾ ਹੈ।

ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੧ ਛੰਤ ਘਰੁ ੩ ॥ ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ

ਰਾਮ ॥ ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥ ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥੧॥ ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ ਮੈ ਗੁਰੁ ਪੁੱਛਿਆ ਆਪਣਾ ਸਾਚਾ ਬੀਚਾਰੀ ਰਾਮ ॥ ਬੀਚਾਰਿ ਸਤਿਗੁਰੁ ਮੁਝੈ ਪੁੱਛਿਆ ਭਵਰੁ ਬੇਲੀ ਰਾਤਓ ॥ ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥੨॥ ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥ ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥ ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ

ਪੈੜ ਸੂਤਾ

⊙ ਸੋਢੀ 2-599 ਅਧਾਰਤ। ਇਹ ਸ਼ਬਦ ਪਹਿਲਾਂ ਦਿਓੜਸਿੱਧ ਵੀ ਗਾਇਆ ਸੀ ਸਾਹਿਬ ਨੇ।

■ ਸੋਢੀ- 506, ਸ਼ੇਖ ਬ੍ਰਹਮ ਨਾਲ ਪਹਿਲੀ ਮੁਲਾਕਾਤ ਪਾਕ ਪੱਟਣ ਵਿੱਚ ਹੋਈ ਦੱਸੀਦੀ ਹੈ। ਕਿਉਕਿ ਗੁਰੂ ਸਾਹਿਬ ਪੱਟੀ ਦੇ ਇਲਾਕੇ ਵਿੱਚ ਦੀ ਦੋ ਤਿੰਨ ਵੇਰਾਂ ਨਿਕਲੇ ਸਨ ਇਸ ਕਰਕੇ ਇਹ ਵੀ ਸੰਭਵ ਹੈ ਕਿ ਪਹਿਲੀ ਮੁਲਾਕਾਤ ਖੇਮਕਰਨ ਹੀ ਹੋਈ ਹੋਵੇ। ਜੰਗਲ ਬੇਲਾ ਤਾਂ ਜਿਆਦਾ ਇਸ ਇਲਾਕੇ ਵਿੱਚ ਹੀ ਸੀ। ਆਸਾ ਦੀ ਵਾਰ ਦੀਆਂ ਪਹਿਲੀਆਂ ਪੌੜੀਆਂ ਕਿਸੇ ਪਹਿਲੀ ਮੁਲਾਕਾਤ ਦੌਰਾਨ ਹੀ ਰਚੀਆਂ ਹੋਣਗੀਆ ਕਿਉਕਿ ਵਾਰ ਦਾ ਹੋਰਨੀ ਥਾਂਈ ਗਾਏ ਜਾਣ ਦਾ ਵੀ ਜਿਕਰ ਆਉਂਦਾ ਹੈ।

◈ ਸੋਢੀ 2-585)

ਸੋਢੀ 2 - 607 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਕਰਤਾਰਪੁਰ ਸਨ ਤੇ ਮਰਦਾਨਾ ਓਨੀ ਦਿਨੀ ਆਪਣੇ ਮਾਪਿਆ ਕੋਲ ਪਿੰਡ ਤਲਵੰਡੀ ਹੁਸੰਗ ਰਹਿ ਰਿਹਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਨੇ ਮੈਂ ਇਕੱਲਾ ਹੀ ਪੱਟੀ ਕਸੂਰ ਦਾ ਇਲਾਕਾ ਫਿਰਿਆ ਹਾਂ। ਇਉ ਲਗਦਾ ਹੈ ਚੌਥੀ ਉਦਾਸੀ ਦੀ ਰਵਾਨਗੀ ਮੌਕੇ ਗੁਰੂ ਸਾਹਿਬ ਮਰਦਾਨੇ ਨੂੰ ਤਲਵੰਡੀ ਹੁਸ਼ੰਗ ਤੋਂ ਆਪ ਲੈਣ ਆਉਂਦੇ ਨੇ। ਤਲਵੰਡੀ ਹੁਸੰਗ - ਇਹ ਕਿਹੜੀ ਤਲਵੰਡੀ ਹੈ ਅਸੀ ਨਹੀ ਲੱਭ ਪਾਏ।

ਇਹ ਸਾਖੀ ਮੱਕੇ ਦੀ ਉਦਾਸੀ ਤੋਂ ਪਹਿਲਾਂ ਦੀ ਹੈ।

ਪਰਦੇਸੀਆ ॥੩॥ ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥ ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥ ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥

-----◈-----

## "ਬਾਬਰ ਨੂੰ ਸਮਝਾਉਣ ਦਾ ਕੋਈ ਫਾਇਦਾ ਨਹੀ ਹੋਇਆ"– ਫਿਰੋਜਪੁਰ ਵਿੱਚ ਬਾਬਾ

ਸੈਦਪੁਰ (ਏਮਨਾਬਾਦ) ਦਾ ਕਤਲਾਮ ਹੋ ਚੁੱਕਾ ਸੀ। ਲਾਹੌਰ ਤੇ ਦੀਪਾਲਪੁਰ ਦੇ ਕਤਲੇਆਮ ਤੋਂ ਪਹਿਲਾਂ ਦੀ ਗੱਲ ਹੈ। ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਨਿਕਲ ਸੁਲਤਾਨਪੁਰ ਲੋਧੀ ਆਏ ਤੇ ਓਥੋਂ ਪੱਟੀ, ਕਸੂਰ, ਫਿਰੋਜਪੁਰ, ਮਮਦੋਟ, ਕੰਗਣਪੁਰ ਹੁੰਦੇ ਹੋਏ ਦੀਪਾਲਪੁਰ ਵਲ ਜਾ ਲੋਕਾਈ ਨੂੰ ਸੁਚੇਤ ਕਰ ਰਹੇ ਸਨ ਕਿ ਬਚ ਜਾਓ।

ਜਦੋਂ ਫਿਰੋਜਪੁਰ ਆਏ ਤਾਂ ਇਥੇ ਕੁਝ ਸਾਧੂਆਂ ਨਾਲ ਮੇਲ ਹੋਇਆ। ਸਾਧੂਆਂ ਕਿਹਾ ਕਿ ਅਸੀ ਸੁਣਿਐ ਕਾਬਲ ਦਾ ਬਾਦਸ਼ਾਹ ਬਾਬਰ ਤੁਹਾਡੀ ਮੰਨਦਾ ਹੈ। ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਕਿਹਾ ਕਿ ਸਾਡਾ ਉਸ ਨਾਲ ਮੇਲ ਜਰੂਰ ਹੋ ਚੁੱਕਾ ਹੈ। ਉਨੂੰ ਸਮਝਾਇਆ ਵੀ ਸੀ ਕਿ ਲੋਕਾਈ ਤੇ ਜੁਲਮ ਨਾਂ ਕਰੀ। ਪਰ ਉਹਦੇ ਤੇ ਅਸਰ ਨਹੀ ਹੋਇਆ। ਸੈਦਪੁਰ ਵਿੱਚ ਉਸ ਨੇ ਹਜਾਰਾਂ ਆਮ ਲੋਕਾਂ ਨੂੰ ਮੌਤ ਦੇ ਘਾਟ ਸਿਰਫ ਇਸ ਕਰਕੇ ਉਤਾਰ ਦਿੱਤਾ ਕਿ ਉਸ ਨੂੰ ਸ਼ੱਕ ਸੀ ਕਿ ਹਮਲੇ ਵੇਲੇ ਆਮ ਜਨਤਾ ਨੇ ਬਹਾਰ ਖਾਂ ਲੋਧੀ ਦਾ ਸਾਥ ਦਿੱਤਾ ਸੀ।

ਗੁਰੂ ਸਾਹਿਬ ਨੇ ਕਿਹਾ ਕਿ ਇੱਕ ਬੰਦਾ ਦੂਸਰੇ ਨੂੰ ਸਮਝਾ ਹੀ ਸਕਦਾ ਹੈ। ਬਾਕੀ ਗੱਲ ਕਰਤਾਰ ਦੀ ਕਿਰਪਾ ਦੀ ਹੁੰਦੀ ਹੈ। ਕਈ ਲੋਕ ਉਹਦੀ ਬਖਸ਼ਸ਼ ਤੋਂ ਵਾਂਝੇ ਹੀ ਰਹਿ ਜਾਂਦੇ ਹਨ। ਮਿਸਾਲ ਦੇ ਤੌਰ ਤੇ ਅਨੇਕਾਂ ਵਾਰੀ ਸ਼ਾਸਤਰਾਂ ਦੇ ਗਿਆਤਾ ਅਨੇਕਾਂ ਪੰਡਤਾਂ ਦੀ ਬੁੱਧ ਭ੍ਰਿਸ਼ਟ ਹੋਈ ਤੇ ਉਹਨਾਂ ਉਹ ਕੰਮ ਕੀਤੇ ਜਿਹੜੇ ਸ਼ਾਸਤਰਾਂ ਦੇ ਉਲਟ ਸਨ। ਏਸੇ ਤਰਾਂ ਤਾਕਤ ਦੇ ਨਸ਼ੇ ਵਿੱਚ ਹੁਕਮਰਾਨ ਜੁਲਮ ਕਰਨੋਂ ਨਹੀ ਟਲਦੇ।

ਸਾਹਿਬ ਨੇ ਸ਼ਬਦ ਗਾਵਿਆ:-

ੴ ਸਤਿਗੁਰ ਪ੍ਰਸਾਦਿ ॥ ਆਸਾ ਘਰੁ ੩ ਮਹਲਾ ੧ ॥ ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥੧॥ ਹਰਿ ਕੇ ਨਾਮ ਬਿਨਾ ਜਗੁ ਧੰਧਾ ॥ ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥੧॥ ਰਹਾਉ ॥ ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥੨॥ ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥ ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥

-----◈-----

## ਜਦੋਂ ਖਾਲੜੇ ਦੇ ਮਹਾਜਨ ਨੇ ਗੁਰੂ ਸਾਹਿਬ ਕੋਲੋਂ ਕਪਾਹ ਵੇਲਾਈ•

ਗੁਰੂ ਸਾਹਿਬ ਲਾਹੌਰ ਵਲੋਂ ਆ ਰਹੇ ਸਨ ਤਾਂ ਲੌਢੇ ਵੇਲੇ ਉਹ ਖਾਲੜੇ ਪਹੁੰਚੇ। ਉਥੇ ਸਾਧੂਆਂ ਦਾ ਟੋਲਾ ਪਹਿਲਾਂ ਹੀ ਬਿਰਾਜਮਾਨ ਸੀ। ਕਿਹਾ ਜਾਂਦਾ ਹੈ ਕਿ ਇਥੇ ਵੀ ਕੋਈ ਵੱਡਾ ਜੋਗੀ ਆਸ਼ਰਮ ਹੁੰਦਾ ਸੀ ਥੇਹ ਤੇ। ਗੁਰੂ ਸਾਹਿਬ ਨੇ ਉਥੇ ਸਭ ਦੇ ਸਾਹਮਣੇ ਕਿਰਤ ਅਤੇ ਗ੍ਰਿਸਤ ਧਰਮ ਦੀ ਵਡਿਆਈ ਅਤੇ ਸੰਨਿਆਸ ਦਾ ਖੰਡਣ ਕੀਤਾ। ਏਸੇ ਹੀ ਪਿੰਡ ਦਾ ਮਹਾਜਨ ਸ਼ਾਹੂਕਾਰ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਰਾਤ ਕੱਟਣ ਵਾਸਤੇ ਆਪਣੀ ਹਵੇਲੀ ਲੈ ਗਿਆ। ਮਹਾਜਨ ਅੰਦਰੋਂ ਔਖਾ ਸੀ ਕਿ ਗੁਰੂ ਸਾਹਿਬ ਨੇ ਸਦੀਆਂ ਪੁਰਾਣੇ ਸੰਨਿਆਸ ਦੇ ਸਿਧਾਂਤ ਤੇ ਕਿਓ ਚੋਟ ਕੀਤੀ ਹੈ।

ਆਪਣੀ ਹਵੇਲੀ ਵਿੱਚ ਲਿਜਾ ਕੇ ਮਹਾਜਨ ਨੇ ਗੁਰੂ ਸਾਹਿਬ ਤੇ ਭਾਈ ਮਰਦਾਨੇ ਨੂੰ ਕਿਹਾ ਕਿ ਤੁਸੀ ਆਹ ਕਪਾਹ ਵੇਲੋ ਮੈਂ ਤੁਹਾਡੇ ਵਾਸਤੇ ਭੋਜਨ ਲੈ ਕੇ ਆਉਂਦਾ ਹਾਂ। ਕੁਝ ਦੇਰ ਮਰਦਾਨੇ ਨੇ ਕਪਾਹ ਵੇਲੀ। ਨੇੜੇ ਹੀ ਕਿਤੇ ਗਰੀਬ ਬਰਵਾਲਿਆਂ ਦਾ ਘਰ ਸੀ ਜਿੰਨਾਂ ਨੇ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨੂੰ ਪ੍ਰਸ਼ਾਦ ਛਕਾਇਆ। ਸਵੇਰੇ ਜਦੋਂ ਮਹਾਜਨ ਆਏ ਤਾਂ ਉਲਟਾ ਗੁਰੂ ਸਾਹਿਬ ਹੁਰਾਂ ਦਾ ਮਖੌਲ ਉਡਾਇਆ।

ਬਾਦ ਵਿੱਚ ਜਦੋਂ ਗੁਰੂ ਸਾਹਿਬ ਦੇ ਨਾਂ ਦਾ ਡੰਕਾ ਪੂਰੇ ਪੰਜਾਬ ਵਿੱਚ ਵੱਜਣ ਲੱਗਾ ਤਾਂ ਲੋਕਾਂ ਨੂੰ ਅਹਿਸਾਸ ਹੋਇਆ ਕਿ ਪਿੰਡ ਦੇ ਮਹਾਜਨ ਨੇ ਕਿਸ ਮਹਾਂਪੁਰਖ ਨਾਲ ਮਾੜਾ ਵਰਤਾਵ ਕੀਤਾ ਹੈ। ਕਰਨੀ ਰੱਬ ਦੀ ਛੇਤੀ ਹੀ ਉਹ ਮਹਾਜਨ ਕੰਗਾਲ ਹੋ ਗਿਆ। ਲੋਕਾਂ ਨੇ ਮੁਹਾਵਰਾ ਬਣਾ ਲਿਆ ਕਿ ਗੁਰੂ ਸਾਹਿਬ ਨੇ ਇਸ ਪਿੰਡ ਦੇ ਮਹਾਜਨਾਂ ਨੂੰ ਸਰਾਪ ਦਿੱਤਾ ਹੈ।

ਵਸੋ ਰਸੋਂ ਖਾਲੜਾ ਮਰੋ ਮਹਾਜਨ ਨੰਗ।

## ਖਾਲੜੇ ਤੋਂ ਗੁਰੂ ਸਾਹਿਬ ਅਮੀਂਸ਼ਾਹ ਆਏ

ਖਾਲੜੇ ਦੇ ਨਾਲ ਹੀ ਕਿਲੋ ਮੀਟਰ ਦੀ ਵਿੱਥ ਤੇ ਪਿੰਡ ਅਮੀਸ਼ਾਹ ਹੈ ਜਿੱਥੇ ਗੁਰੂ ਸਾਹਿਬ ਖਾਲੜੇ ਤੋਂ ਪਹੁੰਚੇ। ਅਮੀਂਸ਼ਾਹ ਦੇ ਵਸਨੀਕ ਬੜੇ ਮਾਣ ਨਾਲ ਦੱਸਦੇ ਹਨ ਕਿ ਇਸ ਪਿੰਡ ਵਾਲਿਆਂ ਨੇ ਗੁਰੂ ਸਾਹਿਬ ਦਾ ਪੂਰਾ ਆਦਰ ਸਤਿਕਾਰ ਕੀਤਾ। ਇਥੋਂ ਦੇ ਯਾਦਗਾਰੀ ਗੁਰਦੁਆਰਾ ਸਾਹਿਬ ਵਿਚ ਉਸ ਵੇਲੇ ਦਾ ਨਿੰਮ ਦਾ ਰੁੱਖ ਮੌਜੂਦ ਹੈ। ਇਥੋਂ ਦੇ ਵਸਨੀਕ ਦਸਦੇ ਹਨ ਕਿ ਇਸ ਪਿੰਡ ਨੂੰ ਗੁਰੂ ਸਾਹਿਬ ਨੇ ਇਹ ਕਹਿ ਕੇ ਨਵਾਜਿਆ:

ਖਾਲੜਾ ਖਾਲੀ। ਅਮੀਸ਼ਾਹ ਦੇ ਸ਼ਾਹ।

## ਜਾਹਮਣ ਦੇ ਜੈਨੀ ▫

ਸੰਨ 1500 ਦੇ ਨੇੜੇ ਤੇੜੇ ਕਸੂਰ ਦਾ ਰਾਜਾ ਜੈਨ ਧਰਮ ਦਾ ਕੱਟੜ ਉਪਾਸ਼ਕ ਸੀ। ਇਸ ਨੇ ਆਪਣੇ ਰਾਜ ਵਿੱਚ ਸ਼ਿਕਾਰ ਤੇ ਪੂਰਨ ਪਾਬੰਦੀ ਲਾਈ ਹੋਈ ਸੀ। ਇਲਾਕੇ ਵਿੱਚ ਵੱਡਾ ਹਿੱਸਾ ਬੇਲਾ ਹੋਣ ਕਰਕੇ ਸੂਰਾਂ ਅਤੇ ਹਿਰਨਾਂ ਦੀ ਅਬਾਦੀ ਬਹੁਤ ਵੱਧ ਚੁੱਕੀ ਸੀ, ਜਿਸ ਤੋਂ ਕਿਸਾਨ ਢਾਹਡੇ ਤੰਗ ਸਨ। ਹਾਲਾ ਵੀ ਇਹ ਠੋਕ ਕੇ ਲੈਂਦਾ ਸੀ। ਬੜੀ ਚਲਾਕੀ ਨਾਲ ਦਿੱਲੀ ਦਰਬਾਰ ਨੂੰ ਖੁੱਸ਼


ਖਾਲੜੇ ਵਿਚ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ (ਖੱਬੇ ਅਤੇ ਸੱਜੇ)ਅਮੀਂਸ਼ਾਹ। ਸ਼ਾਹਾਂ ਦਾ ਸ਼ਾਹ। ਸਾਹਿਬ ਦਾ ਯਾਦਗਾਰੀ ਅਸਥਾਨ। ਗੁਰੂ ਸਾਹਿਬ ਦੇ ਛੋਹ ਵਾਲੀ ਇਤਹਾਸਿਕ ਨਿੰਮ ਹੁਣ ਸੁੱਕ ਗਈ ਹੈ।

ਰੱਖਦਾ ਸੀ।

ਪਿੰਡ ਜਾਹਮਣ ਜੋ ਲਾਹੌਰ ਤੋਂ 30ਕੁ ਕਿ. ਮੀ. ਦੱਖਣ ਪੱਛਮ ਦੀ ਗੁੱਠ ਵਿੱਚ ਹੈ (ਖਾਲੜੇ ਤੋਂ 10 ਕਿ. ਮੀ. ਦੱਖਣ ਪੱਛਮ) ਦਾ ਇਕ ਵਸਨੀਕ ਇਸ ਰਾਜੇ ਦਾ ਦੀਵਾਨ (ਪ੍ਰਧਾਨ ਮੰਤਰੀ) ਸੀ। ਦੀਵਾਨ ਦੇ ਮੁੰਡੇ ਦੀ ਅਣੈਤ (ਜਨੇਊ ਪਾਉਣ) ਦੀ ਰਸਮ ਸੀ। ਉਸ ਨੇ ਆਪਣੇ ਭਾਈਚਾਰੇ ਦੇ ਭੋਜ ਵਿੱਚ ਬੱਕਰਾ ਵੱਢਿਆ। ਇਸ ਗਲ ਦੀ ਖਬਰ ਰਾਜੇ ਨੂੰ ਲੱਗ ਗਈ। ਰਸਮ ਤੋਂ ਤੀਸਰੇ ਦਿਨ ਰਾਜੇ ਨੇ ਆਪਣੀ ਫੌਜ ਭੇਜ ਕੇ ਦੀਵਾਨ ਦਾ ਘਰ ਬਾਰ ਸਭ ਲੁੱਟ ਲਿਆ। ਇਸ ਗਲ ਦਾ ਇਲਾਕੇ ਦੇ ਵਸਨੀਕਾਂ ਵਿੱਚ ਵੱਡਾ ਰੋਸ ਸੀ।

ਸਮਾਂ ਪਾ ਕੇ ਜਦੋਂ ਗੁਰੂ ਸਾਹਿਬ ਇਸ ਪਿੰਡ ਵਿੱਚ ਪਧਾਰੇ ਤਾਂ ਇਥੋਂ ਦੇ ਨਰੀਆ ਨਾਂ ਦੇ ਵਸਨੀਕ ਦੇ ਘਰ ਠਹਿਰੇ ਸਨ। ਨਾਰੀਆ ਨੇ ਗੁਰੂ ਸਾਹਿਬ ਦੀ ਬਹੁਤ ਆਓ ਭਗਤ ਕੀਤੀ ਤੇ ਸਾਹਿਬ ਨੂੰ ਮਹਾਂ ਪ੍ਰਸ਼ਾਦਿ* ਛਕਾਇਆ ਸੀ। ਉਦੋਂ ਹੀ ਵਸਨੀਕਾਂ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਸੀ ਕਿ ਰਾਜੇ ਨੇ ਪਰਜਾ ਦੀ ਨਾਸਾਂ ਵਿੱਚ ਦਮ ਕੀਤਾ ਹੋਇਆ ਹੈ। ਨਾਲੇ ਦੀਵਾਨ ਦੇ ਘਰ ਦੀ ਲੁੱਟ ਦੀ ਗੱਲ ਦੱਸੀ। ਗੁਰੂ ਸਾਹਿਬ ਦੇ ਮੂਹੋਂ ਸਹਿਜ ਸੁਭਾਅ ਨਿਕਲ ਗਇਆ ਕਿ ਜਿਵੇਂ ਰਾਜੇ ਨੇ ਦੀਵਾਨ ਨੂੰ ਲੁੱਟਿਆ ਹੈ ਰਾਜੇ ਨੂੰ ਮਹਾਰਾਜਾ ਲੁੱਟ ਪੁੱਟ ਲੈ ਜਾਏਗਾ। ਛੇਤੀ ਫਿਰ ਪਠਾਣਾਂ (ਹੋ ਸਕਦਾ ਲੋਧੀਆਂ ਨੇ) ਜੈਨੀ ਰਾਜੇ ਦਾ ਸਾਰਾ ਮਾਲ ਅਸਬਾਬ ਲੁੱਟ ਲਿਆ ਸੀ।

ਇਸੇ ਪਿੰਡ ਵਿੱਚ ਮਸ਼ਹੂਰ ਜੈਨ ਮੰਦਰ ਹੁੰਦਾ ਸੀ ਜਿੱਥੇ ਗੁਰੂ ਸਾਹਿਬ ਦਾ ਮੇਲ ਜੈਨ ਸੰਨਿਆਸੀਆਂ ਨਾਲ ਹੋਇਆ। ਇਥੋਂ ਦੇ ਜੈਨ ਸਾਧੂਆਂ ਦੇ ਗੰਦੇ ਤੌਰ ਤਰੀਕੇ ਵੇਖਦੇ ਹੋਏ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ ਸੀ*:-

ਸਲੋਕੁ ਮਃ ੧ ॥ ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ*** ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥



ਜਾਹਮਣ। ਭਾਈ ਨਰੀਏ ਦਾ ਅਸਥਾਨ ਅੱਜ ਉਦਾਸ ਹੈ। ਪਿੰਡ ਜਾਹਮਣ ਭਾਰਤ ਪਾਕ ਸਰਹੱਦ ਤੋਂ ਸਾਰਾ 2 ਕਿ. ਮੀ ਤਰਨ ਤਾਰਨ ਦੇ ਪਿੰਡ ਡੱਲ ਦੇ ਸਾਹਮਣੇ ਪੈਂਦਾ ਹੈ।

-----◈-----

## ਕੁਝ ਸਾਖੀਆਂ ਅਤੇ ਸਥਾਨ ਜਿੰਨਾਂ ਦਾ ਵੇਰਵਾ ਸਬੰਧਤ ਉਦਾਸੀਆਂ ਵਿਚ ਨਾਂ ਆ ਸਕਿਆ

ਵੱਡੇ ਪੰਜਾਬ (ਪਾਕਿਸਤਾਨ ਅਤੇ ਭਾਰਤੀ) ਦਾ ਤਾਂ ਬਾਬੇ ਨੇ ਸ਼ਾਇਦ ਹੀ ਕੋਈ ਮਹੱਤਵਪੂਰਣ ਪਿੰਡ ਸ਼ਹਿਰ ਛੱਡਿਆ ਹੋਵੇ ਜਿਥੇ ਚਰਨ ਨਾਂ ਪਾਏ ਹੋਣ। ਕੁਝ ਇਕ ਹੋਰ ਅਸਥਾਨ ਜੋ ਸਬੰਧਤ ਉਦਾਸੀਆਂ ਵਿਚ ਆਉਣਾ ਰਹਿ ਗਏ ਉਹਨਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਜਾ ਰਹੀ ਹੈ:-

### ਤਖਤੂਪੁਰਾ (ਮੋਗਾ)+

ਜਦੋਂ ਇਸ ਅਸਥਾਨ ਤੇ ਛੇਵੇਂ ਪਾਤਸ਼ਾਹ ਆਏ ਤਾਂ ਬਾਨੀ ਗੁਰੂ ਦਾ ਸਥਾਨ ਵੇਖਕੇ ਏਨੇ ਭਾਵੁਕ ਹੋਏ ਕਿ ਸਣੇ ਕਪੜਿਆਂ ਹੀ ਕੱਚੇ ਸਰੋਵਰ ਵਿੱਚ ਵੜ ਗਏ।

ਕੱਚੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਐਹਲਕਾਰ ਸਰਦਾਰ ਧੰਨਾ ਸਿੰਘ ਮੌੜ ਨੇ ਪੱਕਾ ਕਰਵਾਇਆ ਸੀ।

### ਪੱਤੋ ਹੀਰਾ ਸਿੰਘ⊙

ਮੋਗੇ ਤੋਂ 30 ਕਿ. ਮੀ. ਦੱਖਣ ਜਾਂ ਬਾਘਾਪੁਰਾਣਾ ਤੋਂ 18 ਕਿ. ਮੀ. ਪੂਰਬ-ਦੱਖਣ, ਜਾਂ ਨਿਹਾਲ ਸਿੰਘ ਵਾਲਾ ਦੇ 4 ਕਿ.ਮੀ ਪੱਛਮ ਵਿੱਚ ਪਿੰਡ ਪੱਤੋ ਹੀਰਾ ਸਿੰਘ ਹੈ।

ਇਥੇ ਵੀ ਕਿਸੇ ਵੇਲੇ ਸੌੜੀ ਨਾਂ ਦਾ ਸ਼ਹਿਰ ਹੁੰਦਾ ਸੀ ਤੇ ਰਾਜੇ ਦਾ ਕਿਲਾ ਵੀ ਸੀ। ਜਿਸ ਦੇ ਥੇਹ ਦੇ ਨਿਸ਼ਾਨ ਹੁਣ ਤੱਕ ਮੌਜੂਦ ਨੇ। ਕਿਲੇ ਅੰਦਰ ਮੌਜੂਦ ਵਪਾਰੀਆਂ ਦਾ ਸ਼ਹਿਰ ਸੌੜੀ ਸੀ। ਜਿਆਦਾਤਰ ਅਬਾਦੀ ਖੱਤਰੀ ਤੇ ਬ੍ਰਾਹਮਣ ਲੋਕਾਂ ਦੀ ਸੀ। ਗੁਰੂ ਸਾਹਿਬ ਇਥੇ ਵੀ ਰਾਜੇ ਨੂੰ ਹੀ ਮਿਲਣ ਆਏ ਸਨ। ਉਹਨਾਂ ਇੱਕ ਛੱਪੜੀ ਲਾਗੇ ਕਰੀਰ ਦੀ ਛਾਵੇਂ ਡੇਰਾ ਕਰ ਲਿਆ। ਇਥੋਂ ਹੀ ਸਾਹਿਬ ਨੇ ਫਿਰ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰ ਲੋਕਾਂ ਨੂੰ ਉਪਦੇਸ਼ ਕੀਤਾ। ਓਸੇ ਛੱਪੜੀ ਦੀ ਥਾਂ ਜਿੱਥੇ ਸਾਹਿਬ ਨੇ ਇਸ਼ਨਾਨ ਕੀਤਾ ਅੱਜ ਸਰੋਵਰ ਹੈ।

ਇਸ ਥਾਂ ਦੀ ਅਹਿਮੀਅਤ ਇਹ ਰਹੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਵੀ ਇਸ ਮਿੱਟੀ ਨੂੰ ਨਤਮਸਤਕ ਹੋਣ ਆਏ ਸਨ। ਗੁਰੂ ਸਾਹਿਬ ਦੇ ਘੋੜਿਆਂ ਵਾਸਤੇ ਜਦੋਂ ਖੂਹ ਤੋਂ ਪਾਣੀ ਲੈਣ ਲੱਗੇ ਤਾਂ ਸੌੜੀ ਦੇ ਹਿੰਦੂਆਂ ਨੇ ਵਿਰੋਧ ਕੀਤਾ। ਗੁਰੂ ਸਾਹਿਬ ਨੇ ਸਰਾਫ ਦਿੱਤਾ ਕਿ ਜੇ ਅਸੀ ਇਸ ਖੂਹ ਦਾ ਜਲ ਨਹੀ ਵਰਤ ਸਕਦੇ ਤਾਂ ਫਿਰ ਕੋਈ ਵੀ ਨਹੀ ਵਰਤ ਪਾਵੇਗਾ। ਛੇਤੀ ਹੀ ਪਿੰਡ ਬੇਅਬਾਦ ਹੋ ਗਿਆ। ਖੂਹ ਦਾ ਜਲ ਵੀ ਦੂਸ਼ਿਤ ਹੋ ਗਿਆ।

ਇਥੇ ਹੀ ਫਿਰ ਸਤਵੇ ਤੇ ਦਸਵੇ ਪਾਤਸ਼ਾਹ ਵੀ ਆਏ। ਹੀਰਾ ਸਿੰਘ ਦਸਵੇ ਸਾਹਿਬ ਦਾ ਸਿੱਖ ਸੀ ਜਿਸ ਨੇ ਇਹ ਪਿੰਡ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਅਬਾਦ ਕੀਤਾ ਕਿਉਕਿ ਪਿੰਡ ਸੌੜੀ ਨੂੰ ਤਾਂ ਗੁਰੂ ਸਾਹਿਬ ਦਾ ਸਰਾਫ ਲੱਗਾ ਹੋਇਆ ਸੀ।

ਪੱਤੋ ਤੋਂ 20 ਕਿ. ਮੀ. ਪਿੰਡ ਭਗਤਾ ਭਾਈ ਕਾ ਹੈ। ਇਥੇ ਵੀ ਗੁਰੂ ਸਾਹਿਬ ਦੀ ਗੋਸ਼ਟੀ ਕਿਸੇ ਜੋਗੀ ਨਾਲ ਹੋਈ ਸੀ। ਜਿਸ ਕਰਕੇ ਇਹ ਇਲਾਕਾ ਵੀ ਗੁਰੂ ਦਾ ਸਿੱਖ ਬਣ ਗਿਆ। ਇਥੋਂ ਦਾ ਭਾਈ



ਗੁਰਦੁਆਰਾ ਸਾਹਿਬ ਪੱਤੋ ਹੀਰਾ ਸਿੰਘ। ਇਥੋਂ ਦੇ ਸੁਝਵਾਨ ਪ੍ਰਬੰਧਕਾਂ ਨੇ ਪੁਰਾਣੇ ਯਾਦਗਾਰੀ ਰੁੱਖ ਵੀ ਸਾਂਭੇ ਹੋਏ ਨੇ।

ਮੈਲੋ ਹੋਇਆ ਹੈ ਜਿਸ ਨੇ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵੇਲੇ ਵੱਡੀ ਸੇਵਾ ਕੀਤੀ ਤੇ ਗੁਰੂ ਸਾਹਿਬ ਦੀ ਬਖਸ਼ਸ਼ ਦਾ ਪਾਤ੍ਰ ਬਣਿਆ। ਏਸੇ ਹੀ ਮੈਲੋ ਦਾ ਪੋਤਰਾ ਭਾਈ ਭਗਤਾ ਹੋਇਆ ਹੈ।

## ਅਕੋਈ ਸਾਹਿਬ ਨੂੰ ਭਾਗ ਲਾਏ

ਪਹਿਲੀ ਉਦਾਸੀ ਤੋਂ ਪਰਤਦੇ ਵੇਲੇ ਸਾਹਿਬ ਇਸ ਪਿੰਡ ਵਿਚ ਪਧਾਰੇ ਜੋ ਅੱਜ ਲੁਧਿਆਣਾ-ਸੰਗਰੂਰ ਸੜਕ ਤੇ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਇਹ ਅਸਥਾਨ ਪ੍ਰਗਟ ਕੀਤਾ ਸੀ।

ਕਿਹਾ ਜਾਂਦਾ ਹੈ ਕਿ ਅਕੋਈ ਸਾਹਿਬ ਤੋਂ ਗੁਰੂ ਸਾਹਿਬ ਜਨੇਰ ਦੇ ਥੇਹ ਤੇ ਵੀ ਬਿਰਾਜੇ ਸਨ ਜਿਥੇ ਅਜਕਲ ਮਸਤੂਆਣਾ ਸਾਹਿਬ ਮੌਜੂਦ ਹੈ। ਅੱਜ ਕਲ੍ਹ ਕਈ ਲੋਕ ਇਹ ਵੀ ਕਹਿ ਰਹੇ ਨੇ ਕਿ ਭੂਮੀਏ ਚੋਰ ਵਾਲੀ ਘਟਨਾ ਇਥੇ ਵਾਪਰੀ ਸੀ। ਇਹ ਦਾਵਾ ਗਲਤ ਹੈ। (ਵੇਖੋ ਸਫਾ 134)

## ਦੌਧਰ ਸਾਹਿਬ ਮੋਗਾ

ਇਥੇ ਵੀ ਗੁਰੂ ਸਾਹਿਬ ਦਾ ਆਉਣਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ। ਬਾਦ ਦਸਵੇਂ ਪਾਤਸ਼ਾਹ ਵੀ ਚਰਨ ਪਾਏ ਸਨ।

## ਈਸਰਹੇਲ ਦਾ ਥੇਹ

ਨਵੰਬਰ/ਦਸੰਬਰ 1518 ਈ ਨੂੰ ਜਦੋਂ ਸਾਹਿਬ ਕੁਲਖੇਤਰ ਗਏ ਤਾਂ ਅੰਦਾਜ਼ਾ ਹੀ ਇਸ ਪਿੰਡ ਦੇ ਥੇਹ ਤੇ ਜੋਗੀਆਂ ਦੇ ਮੱਠ ਤੇ ਉਹਨਾਂ ਕੁਝ ਸਮਾਂ ਗੁਜਾਰਿਆ ਸੀ। ਇਹ ਪਿੰਡ ਚੰਡੀਗੜ੍ਹ-ਸਰਹੰਦ ਸੜਕ ਤੇ ਵਾਕਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਨੇ ਵੀ



ਦੌਧਰ ਸਾਹਿਬ

ਪੈੜ ਸਫ਼ਾ

● ਗੁਰਧਾਮ ਦੀਦਾਰ- 150, ਪਪਪ -69

ਖਾਲੜੇ -ਅੰਮੀਂਸ਼ਾਹ ਵਿਖੇ ਰਵਾਇਤ ਹੈ ਕਿ ਗੁਰੂ ਸਾਹਿਬ ਸੰ. 1586 ਬਿ (1529 ਈ.) ਨੂੰ ਇਥੇ ਪਧਾਰੇ ਸਨ। ਪ੍ਰੰਪਰਾ ਇਹ ਵੀ ਕਹਿੰਦੀ ਹੈ ਕਿ ਇਸ ਤੋਂ ਬਾਦ ਗੁਰੂ ਸਾਹਿਬ ਮੱਕੇ ਦੇ ਹੱਜ ਤੇ ਗਏ ਸਨ।

ਧਿਆਨ ਰਹੇ ਕਸਬਾ ਖਾਲੜਾ ਸੁਲਤਾਨਪੁਰ ਲੋਧੀ- ਲਹੌਰ ਦੇ ਰਾਹ ਵਿਚ ਪੈਂਦਾ ਹੈ। ਹੋ ਸਕਦਾ ਗੁਰੂ ਸਾਹਿਬ ਕਦੀ ਇਸ ਰੂਟ ਤੇ ਚਲਦੇ ਹੋਏ ਇਥੇ ਪਧਾਰੇ ਹੋਣ। ਖੋਜ ਦਾ ਮਜਮੂਨ ਹੈ।

▫ ਗੁਰਧਾਮ ਦੀਦਾਰ-152, ਪਪਪ-77ਪ

*ਸ਼ਬਦ ਸ਼ੁਧ ਪੰਜਾਬੀ ਵਿੱਚ ਹੈ। ਇਸ ਕਰਕੇ ਉਹ ਲਿਖਾਰੀ ਗਲਤ ਹਨ ਜਿਹੜੇ ਕਹਿੰਦੇ ਕਿ ਇਹ ਗੁਜਰਾਤ ਵਿੱਚ ਰਚਿਆ ਗਇਆ ਸੀ।

ਫਦੀਹਤਿ -ਗੰਦਗੀ (ਜੈਨੀ ਆਪਣੇ ਮਲ ਨੂੰ ਦਬਾਉਣ ਤੋਂ ਪਹਿਲਾਂ ਨਿਸਚੇ ਕਰਦੇ ਸਨ ਕਿ ਉਸ ਵਿੱਚ ਕੋਈ ਜੀਵ ਨਾ ਮਾਰਿਆ ਜਾਏ)

✚ਸਾਈਕਲ ਯਾਤਰੀ-238-261, ⊙ ਸਾਈਕਲ ਯਾਤਰੀ-238-261



ਅਕੋਈ ਸਾਹਿਬ

ਇਸ ਅਸਥਾਨ ਤੇ ਆਪਣੇ ਚਰਨ ਪਾਏ ਸਨ।

## ਝੜਾ ਸਾਹਿਬ ਨਾਨਕ ਪੁਰ ਜਗੇੜਾ

ਲੁਧਿਆਣਾ-ਮਾਲੇਰਕੋਟਲਾ ਮਾਰਗ ਤੇ ਸਥਿਤ ਪਿੰਡ ਝਿੰਗੜ ਜਗੇੜਾ ਅੱਜ ਨਾਨਕਪੁਰ ਜਗੇੜਾ ਬਣ ਗਇਆ ਹੈ ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰਕੇ। ਇਥੇ ਵੀ ਛੇਵੇਂ ਪਾਤਸ਼ਾਹ ਨੇ ਵੀ ਚਰਨ ਪਾਏ ਸਨ।



### ਨਾਨਕਸਰ ਸੁਨਾਮ

ਪਿੰਡ ਨਿਵਾਸੀਆਂ ਅਨੁਸਾਰ ਗੁਰੂ ਸਾਹਿਬ ਇਥੇ ਪਾਤੜਾਂ - ਮੂਣਕ ਵਾਲੇ ਪਾਸਿਓ ਆਏ ਸਨ। ਸ਼ਾਨਦਾਰ ਯਾਦਗਾਰ ਸ਼ਸ਼ੋਭਿੱਤ ਹੈ।



### ਗਹਿਲਾਂ ਸੰਗਰੂਰ

ਪਿੰਡ ਮਨਸੂਰ ਪੁਰ (ਛੀਟਾਂਵਾਲੀ) ਤੋਂ ਗੁਰੂ ਸਾਹਿਬ ਇਥੇ ਪਧਾਰੇ ਸਨ ਅਤੇ ਅੱਗੇ ਪਿੰਡ ਭਲਵਾਨ ਵਲ ਨੂੰ ਨਿਕਲ ਗਏ ਸਨ।

## ਕਮਾਲਪੁਰ (ਸੰਗਰੂਰ)

ਪਹਿਲੀ ਉਦਾਸੀ ਤੋਂ ਪਰਤਦਿਆਂ ਜੀਂਦ ਵਲੋਂ ਆਉਂਦਿਆਂ ਇਸ ਪਿੰਡ ਵਿਚ ਪਧਾਰੇ ਸਨ। (ਵੇਖੋ ਸਫਾ 191 ਜੀਂਦ, ਭਾਗਲ, ਚੀਕਾ, ਖਰੌਂਦੀ) ਇਹ ਅਸਥਾਨ ਵੀ ਗੁਰੂ ਹਰਗੋਬਿੰਦ ਸਾਹਿਬ ਨੇ ਉਜਾਗਰ ਕੀਤਾ ਸੀ।

## ਤਲਵੰਡੀ ਸਾਬੋ

ਵਿਖੇ ਸਿੱਖੀ ਦਾ ਬੂਟਾ ਖੁਦ ਬਾਨੀ ਗੁਰੂ ਨੇ ਹੀ ਲਾਇਆ ਸੀ। ਗੁ. ਨਾਨਕਸਰ ਤਲਵੰਡੀ ਸਾਬੋ।

## ਕਾਂਝਲਾ (ਸੰਗਰੂਰ)

ਝਿੜਾ ਸਾਹਿਬ ਕਾਂਝਲਾ ਵਿਖੇ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਤੋਂ ਪਰਤਦਿਆਂ ਚਰਨ ਪਾਏ।



ਨਾਨਕਸਰ ਤਲਵੰਡੀ ਸਾਬੋ



ਕਾਂਝਲਾ